NEW ZEALAND
IMMIGRATION

# ਨਿਊਜ਼ੀਲੈਂਡ ਵਿੱਚ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਸਟੇਟਸ (ਸ਼ਰਣਾਰਥੀ ਅਤੇ ਸੁਰੱਖਿਆ ਦਰਜ਼ੇ) ਦਾ ਦਾਅਵਾ ਕਰਨਾ

ਨਵੰਬਰ 2022



MINISTRY OF BUSINESS,
INNOVATION & EMPLOYMENT
HĪKINA WHAKATUTUKI

immigration.govt.nz

MINISTRY OF BUSINESS,
INNOVATION & EMPLOYMENT
HĪKINA WHAKATUTUKI

**ਵਪਾਰ, ਨਵੀਨਤਾ ਅਤੇ ਰੁਜ਼ਗਾਰ ਮੰਤਰਾਲਾ**
**(Ministry of Business, Innovation and Employment, MBIE)**
**Hīkina Whakatutuki – ਕਾਮਯਾਬ ਬਣਾਉਣ ਲਈ ਉੱਪਰ ਚੁੱਕਣਾ**

MBIE ਨਿਊਜ਼ੀਲੈਂਡ ਵਾਸੀਆਂ ਦੇ ਆਰਥਿਕ ਵਿਕਾਸ ਅਤੇ ਉਨ੍ਹਾਂ ਦੀ ਖੁਸ਼ਹਾਲੀ ਅਤੇ ਭਲਾਈ ਵਿਚ ਸਹਿਯੋਗ ਕਰਨ ਲਈ ਨੀਤੀ, ਸੇਵਾਵਾਂ, ਸਲਾਹ ਅਤੇ ਨਿਯਮ ਬਣਾਉਂਦਾ ਹੈ ਅਤੇ ਪ੍ਰਦਾਨ ਕਰਦਾ ਹੈ।

**ਵਧੇਰੀ ਜਾਣਕਾਰੀ**

ਇੱਥੇ ਦੱਸੇ ਵਿਸ਼ਿਆਂ ‘ਤੇ ਜਾਣਕਾਰੀ, ਉਦਾਹਰਨਾਂ ਅਤੇ ਤੁਹਾਡੇ ਸਵਾਲਾਂ ਦੇ ਉੱਤਰ ਸਾਡੀ ਵੈੱਬਸਾਈਟ: **www.mbie.govt.nz** ‘ਤੇ ਮਿਲ ਸਕਦੇ ਹਨ ਜਾਂ ਸਾਨੂੰ **0800 20 90 20** ‘ਤੇ ਮੁਫ਼ਤ ਕਾਲ ਕਰੋ।

**ਬੇਦਾਅਵਾ**

ਇਹ ਦਸਤਾਵੇਜ਼ ਸਿਰਫ਼ ਇੱਕ ਗਾਈਡ ਹੈ। ਇਸਨੂੰ ਕਾਨੂੰਨ ਜਾਂ ਕਾਨੂੰਨੀ ਸਲਾਹ ਦੀ ਬਦਲ ਵਜੋਂ ਉਪਯੋਗ ਨਹੀਂ ਕੀਤਾ ਜਾਣਾ ਚਾਹੀਦਾ ਹੈ। ਵਪਾਰ, ਨਵੀਨਤਾ ਅਤੇ ਰੁਜ਼ਗਾਰ ਮੰਤਰਾਲਾ ਇਸ ਦਸਤਾਵੇਜ਼ ਵਿੱਚ ਦਿੱਤੀ ਹੋਈ ਜਾਣਕਾਰੀ ਦੇ ਆਧਾਰ ‘ਤੇ ਕੀਤੀ ਗਈ ਕਿਸੇ ਵੀ ਕਾਰਵਾਈ ਦੇ ਨਤੀਜਿਆਂ, ਜਾਂ ਕਿਸੇ ਵੀ ਗਲਤੀ ਜਾਂ ਭੁੱਲ ਲਈ ਜ਼ਿੰਮੇਵਾਰ ਨਹੀਂ ਹੈ।

**ਪ੍ਰਿੰਟ: ISBN 978-1-99-104193-7** **ਔਨਲਾਈਨ: ISBN 978-1-99-104192-0**

**ਨਵੰਬਰ 2022**

**©ਕ੍ਰਾਊਨ ਕਾਪੀਰਾਈਟ**

ਇਸ ਰਿਪੋਰਟ ਦੇ ਵਿੱਚ ਦਿੱਤੀ ਹੋਈ ਸਮੱਗਰੀ ਕ੍ਰਾਊਨ ਕਾਪੀਰਾਈਟ ਸੁਰੱਖਿਆ ਦੇ ਅਧੀਨ ਹੈ ਜਦੋਂ ਤੱਕ ਕਿ ਕੁੱਝ ਹੋਰ ਨਾ ਦਰਸਾਇਆ ਗਿਆ ਹੋਵੇ। ਕ੍ਰਾਊਨ ਕਾਪੀਰਾਈਟ ਦੇ ਅਧੀਨ ਸੁਰੱਖਿਅਤ ਸਮੱਗਰੀ ਨੂੰ ਕਿਸੇ ਵੀ ਫਾਰਮੈਟ ਜਾਂ ਮੀਡੀਆ ਵਿੱਚ ਕਿਸੀ ਖਾਸ ਇਜਾਜ਼ਤ ਤੋਂ ਬਿਨਾਂ ਵੀ ਦੁਬਾਰਾ ਮੁਫ਼ਤ ਵਿੱਚ ਤਿਆਰ ਕੀਤਾ ਜਾ ਸਕਦਾ ਹੈ। ਇਹ ਸਮੱਗਰੀ ਦੇ ਸਹੀ ਢੰਗ ਨਾਲ ਦੁਬਾਰਾ ਤਿਆਰ ਕੀਤੇ ਜਾਣ ਅਤੇ ਅਪਮਾਨਜਨਕ ਢੰਗ ਨਾਲ ਜਾਂ ਗੁੰਮਰਾਹਕੁੰਨ ਪ੍ਰਸੰਗ ਵਿੱਚ ਇਸ ਦੀ ਵਰਤੋਂ ਨਾਂ ਕੀਤੇ ਜਾਣ ਦੇ ਅਧੀਨ ਹੈ। ਜਿੱਥੇ ਸਮੱਗਰੀ ਦੂਜਿਆਂ ਲਈ ਪ੍ਰਕਾਸ਼ਿਤ ਜਾਂ ਜਾਰੀ ਕੀਤੀ ਜਾ ਰਹੀ ਹੋਵੇ, ਉੱਥੇ ਸਰੋਤ ਅਤੇ ਕਾਪੀਰਾਈਟ ਸਥਿਤੀ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ। ਕ੍ਰਾਊਨ ਕਾਪੀਰਾਈਟ ਦੇ ਅਧੀਨ ਸੁਰੱਖਿਅਤ ਸਮੱਗਰੀ ਨੂੰ ਦੁਬਾਰਾ ਤਿਆਰ ਕਰਨ ਦੀ ਇਜਾਜ਼ਤ ਇਸ ਰਿਪੋਰਟ ਵਿੱਚ ਦਿੱਤੀ ਹੋਈ ਕਿਸੇ ਵੀ ਉਸ ਸਮੱਗਰੀ ਤੇ ਲਾਗੂ ਨਹੀਂ ਹੁੰਦੀ ਹੈ ਜਿਸਦੀ ਪਛਾਣ ਕਿਸੇ ਤੀਜੀ ਧਿਰ ਦੇ ਕਾਪੀਰਾਈਟ ਵਜੋਂ ਕੀਤੀ ਗਈ ਹੋਵੇ। ਅਜਿਹੀ ਸਮੱਗਰੀ ਨੂੰ ਦੁਬਾਰਾ ਤਿਆਰ ਕਰਨ ਦਾ ਅਧਿਕਾਰ ਕਾਪੀਰਾਈਟ ਧਾਰਕਾਂ ਤੋਂ ਲਿਆ ਜਾਣਾ ਚਾਹੀਦਾ ਹੈ।



# ਸਮੱਗਰੀ

**ਜਾਣ ਪਛਾਣ** ..... 5
**ਰਫ਼ਿਊਜੀ ਅਤੇ ਪ੍ਰੋਟੇਕਸ਼ਨ ਦਾਅਵਾ ਪ੍ਰਕਿਰਿਆ ਦਾ ਨਕਸ਼ਾ ਅਤੇ ਸਮਾਂਰੇਖਾ** ..... 6
**1. ਰਫ਼ਿਊਜੀ ਅਤੇ ਪ੍ਰੋਟੇਕਟਿਡ ਵਿਅਕਤੀ ਕੌਣ ਹੈ?** ..... 7
**2. ਨਿਰਧਾਰਨ ਪ੍ਰਕਿਰਿਆ** ..... 8
2.1 ਪ੍ਰਤੀਨਿਧਤਾ ..... 8
ਲੀਗਲ ਏਡ (ਕਾਨੂੰਨੀ ਸਹਾਇਤਾ) ..... 8
ਵਧੇਰੀ ਜਾਣਕਾਰੀ ਲਈ: ..... 8
2.2 ਆਪਣਾ ਦਾਅਵਾ ਦਰਜ ਕਰਨਾ ..... 9
ਸਹਾਇਕ ਦਸਤਾਵੇਜ਼ ..... 9
ਤੁਹਾਡੇ ਸੰਪਰਕ ਵੇਰਵੇ ..... 9
ਪੱਤਰ-ਵਿਹਾਰ ..... 9
ਜੇਕਰ ਤੁਹਾਡੇ ਕੋਲ ਕੋਈ ਪ੍ਰਤੀਨਿਧੀ ਨਹੀਂ ਹੈ ..... 9
2.3 ਰਫਿਊਜੀ ਸਟੇਟਸ ਯੂਨਿਟ ‘ਤੇ ..... 9
ਇੱਕ ਲਿਖਤੀ ਬਿਆਨ ਜਮ੍ਹਾਂ ਕਰੋ ..... 9
ਇੰਟਰਵਿਊ ..... 10
ਪ੍ਰਤੀਨਿਧੀ ..... 11
ਦੁਭਾਸ਼ੀਆ ..... 11
ਬਾਇਓਮੈਟ੍ਰਿਕਸ ..... 11
ਸਹਾਇਕ ਵਿਅਕਤੀ ..... 11
ਇੰਟਰਵਿਊ ਵਿੱਚ ਸ਼ਾਮਲ ਹੋਣਾ ..... 11
ਜੇ ਤੁਸੀਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਹੋਣ ਵਿੱਚ ਅਸਮਰੱਥ ਹੋ ਤਾਂ ਕੀ ਕਰਨਾ ਹੈ ..... 11
ਜੇ ਤੁਸੀਂ ਇੰਟਰਵਿਊ ਦੇ ਦਿਨ ਬਿਮਾਰ ਹੋ ਤਾਂ ਕੀ ਕਰਨਾ ਹੈ ..... 11
ਰਿਪੋਰਟ ਅਤੇ ਜਵਾਬ ..... 11
ਫੈਸਲਾ ..... 12
2.4 ਫੈਸਲਾ ..... 12
ਜੇ ਤੁਹਾਡੀ ਅਪੀਲ ਸਫਲ ਹੈ ..... 13
ਜੇ ਤੁਹਾਡੀ ਅਪੀਲ ਅਸਫਲ ਹੈ ..... 13
2.5 ਵਧੇਰੀ ਜਾਣਕਾਰੀ ..... 13
ਜੇ ਤੁਸੀਂ ਹੁਣ ਦਾਅਵਾ ਨਹੀਂ ਕਰਨਾ ਚਾਹੁੰਦੇ ਤਾਂ ਕੀ ਕਰਨਾ ਹੈ? ..... 13
ਰਫ਼ਿਊਜੀ ਅਤੇ ਪ੍ਰੋਟੇਕਸ਼ਨ ਸਟੇਟਸ ਨੂੰ ਰੱਦ ਜਾਂ ਸਮਾਪਤ ਕਰਨਾ ..... 13
2.6 ਅੱਗੇ ਚੱਲਕੇ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਦੇ ਦਾਅਵੇ ..... 13

**3. ਦਾਅਵੇਦਾਰਾਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ........ 14**
3.1 ਤੁਹਾਡੇ ਅਧਿਕਾਰ ........ 14
3.2 ਤੁਹਾਡੀਆਂ ਜ਼ਿੰਮੇਵਾਰੀਆਂ ........ 14
3.3 ਫੀਡਬੈਕ। ........ 15
**ਨਿਰਧਾਰਨ ਪ੍ਰਕਿਰਿਆ ਦੇ ਲਈ ਸਮਾਂ ਸੀਮਾਵਾਂ ........ 16**
**ਆਪਣੀਆਂ ਮਹੱਤਵਪੂਰਨ ਤਾਰੀਖਾਂ ਨੂੰ ਨੋਟ ਕਰੋ ........ 16**
**ਸ਼ਬਦਾਵਲੀ ........ 17**
**ਸੰਪਰਕ ........ 18**



# ਜਾਣ-ਪਛਾਣ

## ਇਹ ਗਾਈਡ ਨਿਊਜ਼ੀਲੈਂਡ ਦੇ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਦਾਅਵੇ ਦੀ ਪ੍ਰਕਿਰਿਆ, ਅਤੇ ਤੁਹਾਡੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੀ ਜਾਣਕਾਰੀ ਪ੍ਰਦਾਨ ਕਰਦੀ ਹੈ।

ਨਿਊਜ਼ੀਲੈਂਡ ਵਿੱਚ ਰਫ਼ਿਊਜੀ ਅਤੇ ਪ੍ਰੋਟੇਕਟਿਡ ਵਿਅਕਤੀ ਦੇ ਦਰਜੇ ਦੀ ਮੰਗ ਕਰਨ ਵਾਲੇ ਵਿਅਕਤੀ ਨੂੰ "ਦਾਅਵੇਦਾਰ" (ਸ਼ਰਣ ਮੰਗਣ ਵਾਲਾ) ਕਿਹਾ ਜਾਂਦਾ ਹੈ। ਮਾਨਤਾ ਦੀ ਮੰਗ ਕਰਨ ਨੂੰ "ਦਾਅਵੇ" ਦੇ ਰੂਪ ਵਿਚ ਜਾਣਿਆ ਜਾਂਦਾ ਹੈ।

ਨਿਊਜ਼ੀਲੈਂਡ ਵਿੱਚ, ਇਮੀਗ੍ਰੇਸ਼ਨ ਐਕਟ 2009 (ਐਕਟ) ਦੇ ਮੁਤਾਬਿਕ ਦਾਅਵਿਆਂ ਦਾ ਫੈਸਲਾ ਕੀਤਾ ਜਾਂਦਾ ਹੈ। ਐਕਟ ਦਾ ਇੱਕ ਉਦੇਸ਼ ਇਹ ਵਿਸ਼ਵਾਸ ਦਿਲਾਉਣਾ ਹੈ ਕਿ ਨਿਊਜ਼ੀਲੈਂਡ ਰਫ਼ਿਊਜੀਆਂ ਦੇ ਦਰਜੇ ਨਾਲ ਸਬੰਧਤ 1951 ਕਨਵੈਨਸ਼ਨ ("ਰਫ਼ਿਊਜੀ ਕਨਵੈਨਸ਼ਨ"), ਤਸੀਹੇ ਅਤੇ ਹੋਰ ਜ਼ੁਲਮ, ਅਣਮਨੁੱਖੀ ਜਾਂ ਅਪਮਾਨਜਨਕ ਸਲੂਕ ਜਾਂ ਸਜ਼ਾ ਦੇ ਵਿਰੁੱਧ 1984 ਕਨਵੈਨਸ਼ਨ ("the CAT") ਜਾਂ 1966 ਦੇ ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ 'ਤੇ ਅੰਤਰਰਾਸ਼ਟਰੀ ਇਕਰਾਰਨਾਮਾ ("the ICCPR") ਦੇ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਦਾ ਹੈ।

ਤੁਹਾਡੇ ਦਾਅਵੇ ਦਾ ਫੈਸਲਾ ਪਹਿਲਾਂ ਰਫਿਊਜੀ ਸਟੇਟਸ ਯੂਨਿਟ ("RSU") ਦੇ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਅਧਿਕਾਰੀ ("RPO") ਦੁਆਰਾ ਕੀਤਾ ਜਾਵੇਗਾ, ਜੋ ਕਿ ਵਪਾਰ, ਨਵੀਨਤਾ ਅਤੇ ਰੁਜ਼ਗਾਰ ਮੰਤਰਾਲਾ ਵਿੱਖੇ ਇਮੀਗ੍ਰੇਸ਼ਨ ਨਿਊਜ਼ੀਲੈਂਡ ਦਾ ਇੱਕ ਹਿੱਸਾ ਹੈ।


ਤੁਹਾਨੂੰ ਨਿਊਜ਼ੀਲੈਂਡ ਤੋਂ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ ਹੈ ਜਦੋਂ ਤੁਹਾਡਾ ਦਾਅਵਾ ਨਿਰਧਾਰਤ ਕੀਤਾ ਜਾ ਰਿਹਾ ਹੋਵੇ।

ਜੇ ਤੁਹਾਨੂੰ ਰਫ਼ਿਊਜੀ ਅਤੇ ਪ੍ਰੋਟੇਕਟਿਡ ਵਿਅਕਤੀ ਦੀ ਮਾਨਤਾ ਪ੍ਰਾਪਤ ਹੈ, ਤਾਂ ਤੁਹਾਨੂੰ ਨਿਊਜ਼ੀਲੈਂਡ ਵਿੱਚ ਰਹਿਣ ਦੀ ਇਜਾਜ਼ਤ ਹੈ ਅਤੇ ਤੁਸੀਂ ਸਥਾਈ ਨਿਵਾਸੀ (ਪਰਮਾਨੈਂਟ ਰੇਜ਼ੀਡੈਂਟ) ਵੀਜ਼ਾ ਲਈ ਅਰਜ਼ੀ ਦੇ ਸਕਦੇ ਹੋ। ਜੇ ਤੁਹਾਨੂੰ ਰਫ਼ਿਊਜੀ ਅਤੇ ਪ੍ਰੋਟੇਕਟਿਡ ਵਿਅਕਤੀ ਦੀ ਮਾਨਤਾ ਪ੍ਰਾਪਤ ਨਹੀਂ ਹੈ, ਤਾਂ ਤੁਹਾਨੂੰ ਨਿਊਜ਼ੀਲੈਂਡ ਛੱਡਣਾ ਪਵੇਗਾ।

ਐਕਟ ਦੀ ਧਾਰਾ 151 ਅਨੁਸਾਰ ਦਾਅਵੇਦਾਰ ਵਜੋਂ ਤੁਹਾਡੀ ਪਛਾਣ ਅਤੇ ਤੁਹਾਡੇ ਦਾਅਵੇ ਦੇ ਵੇਰਵੇ ਗੁਪਤ ਹਨ। ਤੁਹਾਡੇ ਦਾਅਵੇ ਦੇ ਦੌਰਾਨ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਨਿਊਜ਼ੀਲੈਂਡ ਸਰਕਾਰ ਅਤੇ ਯੂਨਾਇਟੇਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਿਊਜੀਸ (UNHCR)[1] ਵਜੋਂ ਗੁਪਤ ਰੱਖਿਆ ਜਾਵੇਗਾ ਪਰ ਇਸ ਦਾ ਖੁਲਾਸਾ ਦੂਜਿਆਂ ਨੂੰ ਤਦੋਂ ਕੀਤਾ ਜਾ ਸਕਦਾ ਹੈ ਜਦੋਂ ਇਹ ਕਾਨੂੰਨੀ ਉਦੇਸ਼ਾਂ ਲਈ ਜ਼ਰੂਰੀ ਹੋਵੇ। RSU ਤੁਹਾਡੇ ਦਾਅਵੇ
ਵਿੱਚ ਪੁੱਛਗਿੱਛ ਕਰ ਸਕਦਾ ਹੈ ਅਤੇ ਕੁੱਝ ਜਾਣਕਾਰੀ ਦਾ ਖੁਲਾਸਾ ਇਸ ਉਦੇਸ਼ ਲਈ, ਜਾਂ ਹੋਰ ਕਾਰਨਾਂ ਕਰਕੇ ਜਿਵੇਂ ਕਿ ਅਪਰਾਧਾਂ ਦੀ ਜਾਂਚ ਕਰਨ ਲਈ ਕਰ ਸਕਦਾ ਹੈ। ਜਾਣਕਾਰੀ ਦਾ ਖੁਲਾਸਾ ਤਦੋਂ ਹੀ ਕੀਤਾ ਜਾਵੇਗਾ ਜੇ ਇਸ ਨਾਲ ਤੁਹਾਡੀ ਜਾਂ ਕਿਸੇ ਹੋਰ ਵਿਅਕਤੀ ਦੀ ਸੁਰੱਖਿਆ ਖਤਰੇ ਵਿੱਚ ਹੋਣ ਦੀ ਕੋਈ ਗੰਭੀਰ ਸੰਭਾਵਨਾ ਨਾ ਹੋਵੇ।

[1] UNCHR ਦਾ ਬਹੁ-ਦੇਸ਼ੀ ਪ੍ਰਤੀਨਿਧਤਾ ਦਫ਼ਤਰ ਕੈਨਬਰਾ ਵਿੱਖੇ ਸਥਿਤ ਹੈ।

# ਰਫ਼ਿਊਜੀ ਅਤੇ ਪ੍ਰੋਟੈਕਸ਼ਨ ਦਾਅਵਾ ਪ੍ਰਕਿਰਿਆ ਦਾ ਨਕਸ਼ਾ ਅਤੇ ਸਮਾਂਰੇਖਾ




***ਦੱਸੇ ਹੋਏ ਦਿਨ ਕੰਮਕਾਜੀ ਦਿਨ ਹਨ**

**ਨੋਟ:** ਨਜ਼ਰਬੰਦੀਆਂ ਕੋਲ ਤੇਜ਼ ਪ੍ਰਕਿਰਿਆ ਦੀ ਸਮਾਂ ਸੀ
ਕਿਰਪਾ ਕਰਕੇ ਉਚਿਤ ਪ੍ਰਕਿਰਿਆ ਦਾ ਨਕਸ਼ਾ ਵੇ



# 1. ਰਫ਼ਿਊਜੀ ਅਤੇ ਪ੍ਰੋਟੈਕਟਿਡ (ਸ਼ਰਣਾਰਥੀ ਅਤੇ ਸੁਰੱਖਿਅਤ) ਵਿਅਕਤੀ ਕੌਣ ਹੈ?

**ਰਫ਼ਿਊਜੀ ਅਤੇ ਪ੍ਰੋਟੈਕਟਿਡ ਵਿਅਕਤੀ ਦਾ ਦਰਜਾ ਇੱਕ ਕਾਨੂੰਨੀ ਦਰਜਾ ਹੈ।**

**ਰਫ਼ਿਊਜੀ ਉਹ ਵਿਅਕਤੀ ਹੈ ਜੋ ਰਫ਼ਿਊਜੀ ਕਨਵੈਨਸ਼ਨ ਦੇ ਆਰਟੀਕਲ 1A ਵਿੱਚ ਦਿੱਤੀ ਹੋਈ ਰਫ਼ਿਊਜੀ ਦੀ ਪਰਿਭਾਸ਼ਾ ਤੇ ਖਰਾ ਉੱਤਰਦਾ ਹੈ, ਜਿਸਨੂੰ 1967 ਪ੍ਰੋਟੋਕੋਲ ਦੁਆਰਾ ਸੋਧਿਆ ਗਿਆ ਹੈ। ਪਰਿਭਾਸ਼ਾ ਵਾਸਤੇ ਅੰਤ ਵਿੱਚ ਦਿੱਤੀ ਹੋਈ ਸ਼ਬਦਾਵਲੀ ਵੇਖੋ।**

**ਪ੍ਰੋਟੈਕਟਿਡ ਵਿਅਕਤੀ ਉਹ ਹੈ ਜਿਸਦਾ ਨਿਊਜ਼ੀਲੈਂਡ ਤੋਂ ਦੇਸ਼ ਨਿਕਾਲਾ CAT ਜਾਂ ICCPR ਦੇ ਆਰਟੀਕਲ 6 ਅਤੇ 7 ਦੀ ਉਲੰਘਣਾ ਕਰਦਾ ਹੋਵੇ।**

ਰਫ਼ਿਊਜੀ ਵਿਅਕਤੀ ਉਹ ਹੈ ਜੋ:

› ਆਪਣੇ ਘਰੇਲੂ ਦੇਸ਼ ਜਾਂ ਸੁਭਾਵਕ ਨਿਵਾਸ ਦੇ ਦੇਸ਼ ਤੋਂ ਬਾਹਰ ਹੋਵੇ
› ਜੇ ਉਸ ਦੇਸ਼ ਨੂੰ ਵਾਪਸ ਜਾਵੇ ਤਾਂ ਉਸਨੂੰ ਨੁਕਸਾਨ ਪਹੁੰਚਾਏ ਜਾਣ ਦੀ ਅਸਲੀ ਸੰਭਾਵਨਾ ਹੋਵੇ ਅਤੇ ਨੁਕਸਾਨ ਗੰਭੀਰ ਕਿਸਮ ਦਾ ਹੋਵੇ
› ਗੰਭੀਰ ਨੁਕਸਾਨ ਦਾ ਖਤਰਾ ਇਸ ਵਜਾ ਨਾਲ ਹੋਵੇ ਕਿ ਵਿਅਕਤੀ ਕੌਣ ਹੈ, ਜਾਂ ਉਹ ਕੀ ਵਿਸ਼ਵਾਸ ਕਰਦੇ ਹਨ। ਕਾਰਨ ਜਾਤ (ਜਾਂ ਨਸਲ), ਧਰਮ, ਸਿਆਸੀ ਵਿਚਾਰ, ਕੌਮੀਅਤ ਜਾਂ ਕਿਸੇ ਖਾਸ ਸਮਾਜਿਕ ਸਮੂਹ ਦੀ ਸਦੱਸਤਾ (ਜਿਵੇਂ ਕਿ ਪਰਿਵਾਰਕ ਦਰਜਾ, ਲਿੰਗ, ਜਾਂ ਜਿਨਸੀ ਰੁਝਾਨ ਜਾਂ ਪਛਾਣ) ਹੋ ਸਕਦੇ ਹਨ।
› ਨਿਊਜ਼ੀਲੈਂਡ ਵਿੱਚ ਸੁਰੱਖਿਆ ਦੀ ਲੋੜ ਹੋਵੇ ਅਤੇ ਇਸਦਾ ਹੱਕਦਾਰ ਹੋਵੇ।

ਕਿਸੇ ਵਿਅਕਤੀ ਨੂੰ ਰਫ਼ਿਊਜੀ ਕਨਵੈਨਸ਼ਨ ਦੇ ਆਰਟੀਕਲ 1F ਦੇ ਤਹਿਤ ਰਫ਼ਿਊਜੀ ਦਰਜੇ ਤੋਂ ਬਾਹਰ ਕੀਤਾ ਜਾ ਸਕਦਾ ਹੈ ਜੇ ਇਹ ਮੰਨਣ ਦੇ ਗੰਭੀਰ ਕਾਰਨ ਹੋਣ ਕਿ ਉਸਨੇ ਯੁੱਧ ਅਪਰਾਧ ਜਾਂ ਮਨੁੱਖਤਾ ਵਿਰੁੱਧ ਅਪਰਾਧ, ਜਾਂ ਗੰਭੀਰ ਗੈਰ-ਸਿਆਸੀ ਅਪਰਾਧ ਵਰਗੇ ਅਪਰਾਧ ਕੀਤੇ ਹਨ।

ਪ੍ਰੋਟੈਕਟਿਡ ਵਿਅਕਤੀ ਉਹ ਹੈ ਜਿਸਦੇ ਲਈ:

› ਇਹ ਵਿਸ਼ਵਾਸ ਕਰਨ ਦੇ ਠੋਸ ਆਧਾਰ ਹੋਣ ਕਿ ਜੇ ਉਸਨੂੰ ਨਿਊਜ਼ੀਲੈਂਡ ਤੋਂ ਦੇਸ਼ ਨਿਕਾਲਾ ਦਿੱਤਾ ਜਾਵੇ ਤਾਂ ਉਸ ਨੂੰ ਤਸੀਹੇ, ਮਨਮਾਨੇ ਜੀਵਨ ਤੋਂ ਵਾਂਝੇ ਕੀਤੇ ਜਾਣ ਜਾਂ ਬੇਰਹਿਮ ਸਲੂਕ ਦਾ ਖ਼ਤਰਾ ਹੋ ਸਕਦਾ ਹੈ।
› ਬੇਰਹਿਮ ਸਲੂਕ ਨੂੰ ਇਮੀਗ੍ਰੇਸ਼ਨ ਐਕਟ 2009 ਦੇ ਤਹਿਤ ਬੇਰਹਿਮ, ਅਣਮਨੁੱਖੀ ਜਾਂ ਅਪਮਾਨਜਨਕ ਇਲਾਜ ਜਾਂ ਸਜ਼ਾ ਦੇ ਤੌਰ ਤੇ ਦੱਸਿਆ ਗਿਆ ਹੈ।[2]

ਜੇ ਵਿਅਕਤੀ ਆਪਣੇ ਦੇਸ਼ ਜਾਂ ਕਿਸੇ ਤੀਜੇ ਦੇਸ਼ ਦੇ ਅਧਿਕਾਰੀਆਂ ਤੋਂ ਪ੍ਰਭਾਵਸ਼ਾਲੀ ਸੁਰੱਖਿਆ ਲੈ ਸਕਦਾ ਹੈ, ਤਾਂ ਉਹਨਾਂ ਨੂੰ ਸੁਰੱਖਿਆ ਦੇਣਾ ਨਿਊਜ਼ੀਲੈਂਡ ਲਈ ਜ਼ਰੂਰੀ ਨਹੀਂ ਹੈ।

[2] ਸੈਕਸ਼ਨ 131(6)

# 2. ਨਿਰਧਾਰਨ ਪ੍ਰਕਿਰਿਆ

ਨਿਊਜ਼ੀਲੈਂਡ ਵਿੱਚ ਤੁਹਾਡੇ ਦਾਅਵੇ ਦੀ ਪ੍ਰਕਿਰਿਆ ਵਿੱਚ ਸ਼ਾਮਲ ਪ੍ਰਾਧਿਕਾਰੀ ਹਨ:

› ਵਪਾਰ, ਨਵੀਨਤਾ ਅਤੇ ਰੁਜ਼ਗਾਰ ਮੰਤਰਾਲਾ (MBIE) ਦਾ ਹਿੱਸਾ, ਇਮੀਗ੍ਰੇਸ਼ਨ ਨਿਊਜ਼ੀਲੈਂਡ (INZ) ਦਾ ਰਫਿਊਜੀ ਸਟੇਟਸ ਯੂਨਿਟ (RSU)

› ਇਮੀਗ੍ਰੇਸ਼ਨ ਅਤੇ ਪ੍ਰੋਟੇਕਸ਼ਨ ਟ੍ਰਿਬਿਊਨਲ (the Tribunal) ਜੋ ਕਿ ਨਿਆਂ ਮੰਤਰਾਲੇ ਦਾ ਹਿੱਸਾ ਹੈ।

RSU ਫੈਸਲੇ ਲਈ ਤੁਹਾਡੇ ਦਾਅਵੇ ਨੂੰ ਇੱਕ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਅਧਿਕਾਰੀ (RPO) ਨੂੰ ਦੇਵੇਗਾ, ਜੋ ਇੱਕ ਫੈਸਲਾ ਲਵੇਗਾ ਜਿਸਨੂੰ "ਨਿਰਧਾਰਨ" ਕਹਿੰਦੇ ਹਨ। ਜੇ ਤੁਹਾਡਾ ਦਾਅਵਾ ਨਾਮੰਜ਼ੂਰ ਹੁੰਦਾ ਹੈ, ਤਾਂ ਤੁਹਾਡੇ ਕੌਲ ਟ੍ਰਿਬਿਊਨਲ ਕੋਲ ਉਸ ਫੈਸਲੇ ਦੀ ਅਪੀਲ ਕਰਨ ਦਾ ਅਧਿਕਾਰ ਹੈ।

ਦਾਅਵਾ ਕਰਨ ਲਈ ਤੁਹਾਡਾ ਨਿਊਜ਼ੀਲੈਂਡ ਵਿੱਚ ਹੋਣਾ ਲਾਜ਼ਮੀ ਹੈ।

ਤੁਸੀਂ ਦਾਅਵਾ ਕਰਨ ਦੇ ਇਰਾਦੇ ਨੂੰ ਦਰਸ਼ਾ ਸਕਦੇ ਹੋ:

› ਜਦੋਂ ਤੁਸੀਂ ਨਿਊਜ਼ੀਲੈਂਡ ਵਿੱਚ ਆਉਂਦੇ ਹੋ (ਉਦਾਹਰਨ ਲਈ, ਕਿਸੀ ਹਵਾਈ ਅੱਡੇ ਜਾਂ ਬੰਦਰਗਾਹ 'ਤੇ ਕਸਟਮ ਜਾਂ ਇਮੀਗ੍ਰੇਸ਼ਨ ਅਧਿਕਾਰੀ ਕੋਲ)

› ਆਪਣੇ ਆਉਣ ਤੋਂ ਬਾਅਦ, MBIE ਜਾਂ INZ ਕਰਮਚਾਰੀ, ਜਾਂ ਪੁਲਿਸ ਅਧਿਕਾਰੀ ਨੂੰ ਦੱਸ ਕੇ ਕਿ ਤੁਸੀਂ ਦਾਅਵਾ ਕਰਨਾ ਚਾਹੁੰਦੇ ਹੋ।

ਜੇ ਤੁਸੀਂ ਦਾਅਵਾ ਕਰਨ ਦੇ ਇਰਾਦੇ ਨੂੰ ਦਰਸਾਉਂਦੇ ਹੋ, ਤਾਂ ਇਹ ਮੰਨਿਆ ਜਾਵੇਗਾ ਕਿ ਤੁਸੀਂ ਦਾਅਵਾ ਕੀਤਾ ਹੈ ਅਤੇ ਤੁਹਾਨੂੰ 20 ਕੰਮਕਾਜੀ ਦਿਨਾਂ ਦੇ ਅੰਦਰ RSU ਕੋਲ ਨਿਊਜ਼ੀਲੈਂਡ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਦਰਜਾ (ਦਾਅਵੇ ਦੀ ਪੁਸ਼ਟੀ) ਫਾਰਮ ਵਿੱਚ ਦਾਅਵੇ ਦੀ ਇੱਕ ਪੂਰੀ ਪੁਸ਼ਟੀ ਦਰਜ ਕਰਨੀ ਪਵੇਗੀ (ਹੇਠਾਂ 2.2 ਦੇਖੋ) ਜਾਂ ਆਪਣਾ ਦਾਅਵਾ ਵਾਪਸ ਲੈਣਾ ਪਵੇਗਾ। ਅਜਿਹਾ ਨਾਂ ਹੋਣ ਤੇ, RSU ਦਾਅਵੇ ਨੂੰ ਨਿਰਧਾਰਤ ਕਰਨ ਲਈ ਉਪਲਬਧ ਜਾਣਕਾਰੀ ਦੇ ਆਧਾਰ 'ਤੇ ਅੱਗੇ ਵਧ ਸਕਦਾ ਹੈ।

## 2.1 ਪ੍ਰਤੀਨਿਧਤਾ

ਪ੍ਰਤੀਨਿਧੀ ਉਹ ਹੈ ਜੋ ਤੁਹਾਨੂੰ ਤੁਹਾਡੇ ਦਾਅਵੇ ਦੇ ਨਾਲ ਸੰਬੰਧਿਤ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਬਾਰੇ ਸਲਾਹ ਦਿੰਦਾ ਹੈ। ਤੁਸੀਂ ਦਾਅਵਾ ਦਰਜ ਕਰਨ ਤੋਂ ਪਹਿਲਾਂ ਪ੍ਰਤੀਨਿਧੀ ਨਾਲ ਗੱਲ ਕਰ ਸਕਦੇ ਹੋ ਅਤੇ ਤੁਸੀਂ ਆਪਣੇ ਦਾਅਵੇ ਬਾਰੇ ਵਕੀਲ ਨਾਲ ਸੰਪਰਕ ਕਰਨ ਦਾ ਅਧਿਕਾਰ ਰੱਖਦੇ ਹੋ।

ਜੇ ਤੁਸੀਂ ਪ੍ਰਤੀਨਿਧੀ ਚਾਹੁੰਦੇ ਹੋ, ਤਾਂ ਤੁਹਾਨੂੰ ਜਾਂ ਤਾਂ ਵਕੀਲ (ਉਹ ਵਿਅਕਤੀ ਜਿਸ ਕੋਲ ਨਿਊਜ਼ੀਲੈਂਡ ਲਾਅ ਸੋਸਾਇਟੀ ਦੁਆਰਾ ਦਿੱਤਾ ਗਿਆ ਮੌਜੂਦਾ ਪ੍ਰੈਕਟਿਸਿੰਗ ਸਰਟੀਫਿਕੇਟ ਹੈ) ਜਾਂ ਇਮੀਗ੍ਰੇਸ਼ਨ ਸਲਾਹਕਾਰ ਅਥਾਰਟੀ ਦੁਆਰਾ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਯਕੀਨੀ ਬਣਾਵੇਗਾ ਕਿ ਤੁਹਾਡਾ ਪ੍ਰਤੀਨਿਧੀ ਸਲਾਹ ਦੇਣ ਲਈ ਸਹੀ ਤਰੀਕੇ ਨਾਲ ਯੋਗਤਾ ਪ੍ਰਾਪਤ ਹੈ ਅਤੇ ਮੰਨੇ ਹੋਏ ਮਾਪਦੰਡਾਂ ਤੇ ਖਰਾ ਉੱਤਰਦਾ ਹੈ।

ਜੇ ਤੁਸੀਂ ਪ੍ਰਤੀਨਿਧੀ ਚਾਹੁੰਦੇ ਹੋ, ਤਾਂ ਤੁਹਾਨੂੰ ਜਲਦੀ ਕਰਨੀ ਚਾਹੀਦੀ ਹੈ, ਕਿਉਂਕਿ ਤੁਹਾਡੇ ਲੱਭਣ ਪਿੱਛੇ ਨਿਰਧਾਰਨ ਪ੍ਰਕਿਰਿਆ ਵਿੱਚ ਦੇਰੀ ਨਹੀਂ ਕੀਤੀ ਜਾਵੇਗੀ। ਜੇ ਤੁਸੀਂ ਕਿਸੇ ਨੂੰ ਸ਼ਮੂਲੀਅਤ ਕਰਦੇ ਹੋ, ਤਾਂ ਤੁਹਾਡੇ ਲਈ ਜਲਦੀ ਤੋਂ ਜਲਦੀ RSU ਨੂੰ ਸੂਚਿਤ ਕਰਨਾ ਅਤੇ ਆਪਣੇ ਪ੍ਰਤੀਨਿਧੀ ਦੇ ਵੇਰਵੇ ਦੇਣੇ ਲੋੜੀਂਦਾ ਹਨ।

ਜੇ ਤੁਸੀਂ ਕਿਸੇ ਵਕੀਲ ਦਾ ਖਰਚਾ ਨਹੀਂ ਚੁੱਕ ਸਕਦੇ ਹੋ, ਤਾਂ ਤੁਹਾਨੂੰ ਅਧਿਕਾਰਤ ਸਕੀਮ ਰਾਹੀਂ ਮੁਫ਼ਤ ਕਾਨੂੰਨੀ ਸਲਾਹ ਮਿਲ ਸਕਦੀ ਹੈ ਜਿਸਨੂੰ ਲੀਗਲ ਏਡ ਵਜੋਂ ਜਾਣਿਆ ਜਾਂਦਾ ਹੈ।

**ਲੀਡਲ ਏਡ (ਕਾਨੂੰਨੀ ਸਹਾਇਤਾ)**
ਲੀਗਲ ਏਡ ਇੱਕ ਸਰਕਾਰੀ ਫੰਡ ਹੈ ਜੋ ਉਹਨਾਂ ਲੋਕਾਂ ਵਾਸਤੇ ਹੈ ਜੋ ਵਕੀਲ ਦਾ ਭੁਗਤਾਨ ਕਰਨ ਦੀ ਸਮਰੱਥਾ ਨਹੀਂ ਰੱਖਦੇ ਹਨ। ਕਾਨੂੰਨੀ ਸਹਾਇਤਾ ਲੈਣ ਵਾਸਤੇ ਤੁਹਾਨੂੰ ਲੀਗਲ ਏਡ ਸਰਵਿਸ (LAS) ਨੂੰ ਅਰਜ਼ੀ ਦੇਣ ਦੀ ਲੌੜ ਪਵੇਗੀ - ਇਹ ਲੀਗਲ ਏਡ ਮਾਨਿਤ ਵਕੀਲ ਜਾਂ ਪ੍ਰਦਾਤਾ ਤੁਹਾਡੇ ਲਈ ਇਹ ਕਰ ਸਕਦਾ ਹੈ।

ਸਾਰੇ ਵਕੀਲ ਲੀਗਲ ਏਡ ਦਾ ਕੰਮ ਨਹੀਂ ਕਰਦੇ ਹਨ। ਤੁਹਾਨੂੰ ਇਸ ਦਾ ਪਤਾ ਜਦੋਂ ਤੁਸੀਂ ਪਹਿਲੀ ਵਾਰ ਵਕੀਲ ਨਾਲ ਮਿਲੋ ਤਾਂ ਕਰਨਾ ਚਾਹੀਦਾ ਹੈ ਕਿ ਕੀ ਉਹ ਲੀਗਲ ਏਡ ਵਕੀਲ/ਪ੍ਰਦਾਤਾ ਹਨ ਜਾਂ ਨਹੀਂ ।

**ਵਧੇਰੀ ਜਾਣਕਾਰੀ ਵਾਸਤੇ:**
ਨਿਆਂ ਮੰਤਰਾਲੇ ਦੀ ਵੈੱਬਸਾਈਟ:
www2.justice.govt.nz/find-a-legal-aid-lawyer
'ਤੇ ਲੀਗਲ ਏਡ ਵਕੀਲਾਂ ਦੀ ਸੂਚੀ ਦਿੱਤੀ ਹੋਈ ਹੈ।

ਉਹਨਾਂ ਵਕੀਲਾਂ ਦੀ ਖੋਜ ਕਰਨ ਲਈ ਜੋ ਰਫ਼ਿਊਜੀ ਮਾਮਲਿਆਂ ਵਿੱਚ ਤਜਰਬੇਕਾਰ ਹਨ, ਤੁਹਾਨੂੰ search function ਵਿੱਚ "Law Type: Refugee & Immigration" ਲਿਖਣਾ ਚਾਹੀਦਾ ਹੈ। ਲੀਗਲ ਏਡ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ, ਇਸ ਬਾਰੇ ਹੋਰ ਜਾਣਕਾਰੀ: www.justice.govt.nz/courts/going-to-court/legal-aid 'ਤੇ ਵੇਖੋ।

ਕਮਿਊਨਿਟੀ ਕਾਨੂੰਨ ਕੇਂਦਰ ਉਹਨਾਂ ਲੋਕਾਂ ਨੂੰ ਜੋ ਕਾਨੂੰਨੀ ਸੇਵਾਵਾਂ ਦਾ ਭੁਗਤਾਨ ਨਹੀਂ ਕਰ ਸਕਦੇ, ਕਾਨੂੰਨੀ ਜਾਣਕਾਰੀ ਅਤੇ ਸਲਾਹ, ਸਹਾਇਤਾ ਅਤੇ ਪ੍ਰਤੀਨਿਧਤਾ ਵੀ ਦਿੰਦੇ ਹਨ। ਵਧੇਰੀ ਜਾਣਕਾਰੀ ਲਈ ਵੇਖੋ: www.communitylaw.org.nz

RSU ਤੁਹਾਨੂੰ ਵਕੀਲ ਲੱਭਣ ਲਈ ਵੀ ਜਾਣਕਾਰੀ ਦੇ ਸਕਦਾ ਹੈ।

ਤੁਸੀਂ ਇਮੀਗ੍ਰੇਸ਼ਨ ਸਲਾਹਕਾਰ ਅਥਾਰਟੀ ਦੀ ਵੈੱਬਸਾਈਟ: www.iaa.govt.nz 'ਤੇ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਦੀ ਖੋਜ ਕਰ ਸਕਦੇ ਹੋ। ਤੁਹਾਨੂੰ ਲਾਇਸੰਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਦੀ ਫ਼ੀਸ ਦੇਣੀ ਪਵੇਗੀ।



## 2.2 ਆਪਣਾ ਦਾਅਵਾ ਦਰਜ ਕਰਨਾ

**ਤੁਹਾਨੂੰ ਆਪਣੇ ਦਾਅਵੇ ਦੀ ਪੁਸ਼ਟੀ ਲਿਖਤ ਰੂਪ ਵਿੱਚ RSU ਕੋਲ ਦਾਅਵੇ ਦੀ ਇੱਕ ਪੂਰੀ ਪੁਸ਼ਟੀ ਕਰਨ ਵਾਲੇ ਫਾਰਮ ਦਾਇਰ ਕਰਕੇ ਕਰਨੀ ਚਾਹੀਦੀ ਹੈ।**

ਇਹ ਫਾਰਮ RSU ਵੈੱਬਸਾਈਟ: www.immigration.govt.nz/RSU ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਦਾਅਵਾ ਪੁਸ਼ਟੀ ਫਾਰਮ ਅੰਗਰੇਜ਼ੀ ਵਿੱਚ ਪੂਰਾ ਕੀਤਾ ਜਾਣਾ ਲਾਜ਼ਮੀ ਹੈ, ਅਤੇ ਤੁਹਾਨੂੰ ਫਾਰਮ ਵਿੱਚ ਹਰ ਸਵਾਲ ਦਾ ਜਵਾਬ ਦੇਣਾ ਚਾਹੀਦਾ ਹੈ, ਇਸਦੇ ਨਾਲ ਹੀ ਮਨੋਨੀਤ ਸਥਾਨਾਂ 'ਤੇ ਦਸਤਖਤ ਕਰਨੇ ਚਾਹੀਦੇ ਹਨ। ਤੁਹਾਡਾ ਪ੍ਰਤੀਨਿਧੀ ਦਾਅਵਾ ਪੁਸ਼ਟੀ ਫਾਰਮ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ। ਫਾਰਮ ਨੂੰ ਪੂਰਾ ਕਰਨ ਲਈ ਵਿਆਪਕ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।

ਤੁਹਾਨੂੰ ਫਾਰਮ RSU ਨੂੰ ਵਿੱਚ ਜਮ੍ਹਾ ਕਰਨਾ ਚਾਹੀਦਾ ਹੈ, ਜਾਂ ਤਾਂ ਵਿਅਕਤੀਗਤ ਤੌਰ 'ਤੇ:

**Refugee Status Unit**
**Kordia House**
**162 Victoria Street West**
**Auckland**

ਜਾਂ ਡਾਕ ਦੁਆਰਾ:

**Refugee Status Unit**
**PO Box 90533**
**Victoria Street**
**Auckland 1142**

ਤੁਸੀਂ RSU ਨੂੰ ਦਾਅਵੇ ਦੀ ਪੁਸ਼ਟੀ ਦੀ ਸਕੈਨ ਕੀਤੀ ਕਾਪੀ RSU@mbie.govt.nz 'ਤੇ ਈਮੇਲ ਕਰ ਸਕਦੇ ਹੋ, ਪਰ ਤੁਹਾਨੂੰ ਬਾਅਦ ਵਿੱਚ ਅਸਲੀ ਫਾਰਮ ਵਿਖਾਉਣਾ ਪਵੇਗਾ। ਜੇ ਤੁਸੀਂ ਇੱਕ ਪਰਿਵਾਰਕ ਸਮੂਹ ਦਾ ਹਿੱਸਾ ਹੋ, ਤਾਂ ਇਹ ਜਰੂਰੀ ਹੈ ਕਿ ਹਰੇਕ ਅਜਿਹੇ ਪਰਿਵਾਰਕ ਸਦੱਸ (ਹਰ ਬੱਚੇ ਲਈ ਇੱਕ ਸਮੇਤ)ਦੇ ਲਈ ਅਲੱਗ ਦਾਅਵਾ ਪੁਸ਼ਟੀ ਫਾਰਮ ਜਮ੍ਹਾਂ ਕਰਵਾਇਆ ਜਾਵੇ ਜੋ ਦਾਅਵਾ ਕਰਨਾ ਚਾਹੁੰਦਾ ਹੈ।

**ਸਹਾਇਕ ਦਸਤਾਵੇਜ਼**
ਤੁਹਾਨੂੰ ਆਪਣੇ ਦਾਅਵਾ ਪੁਸ਼ਟੀ ਫਾਰਮ ਦੇ ਨਾਲ ਆਪਣੇ ਕੋਲ ਮੌਜੂਦ ਕੋਈ ਵੀ ਪਛਾਣ ਦਸਤਾਵੇਜ਼ ਜਿਵੇਂ ਪਾਸਪੋਰਟ, ਡਰਾਈਵਿੰਗ ਲਾਇਸੰਸ ਅਤੇ ਕੋਈ ਵੀ ਹੋਰ ਸੰਬੰਧਿਤ ਦਸਤਾਵੇਜ਼ ਯਕੀਨਣ ਜਮ੍ਹਾ ਕਰਵਾਉਣੇ ਚਾਹਿਦੇ ਹਨ। ਜੇ ਤੁਸੀਂ ਕਿਸੇ ਵੈਧ ਪਛਾਣ ਜਾਂ ਯਾਤਰਾ ਦਸਤਾਵੇਜ਼ਾਂ ਤੋਂ ਬਿਨਾਂ ਨਿਊਜ਼ੀਲੈਂਡ ਵਿਚ ਆਉਂਦੇ ਹੋ, ਤਾਂ ਤੁਹਾਡੇ ਦਾਅਵੇ ਦੀ ਕਾਰਵਾਈ ਦੌਰਾਨ ਤੁਹਾਨੂੰ ਨਜ਼ਰਬੰਦ ਕੀਤਾ ਜਾ ਸਕਦਾ ਹੈ। ਜਮ੍ਹਾ ਕਰਾਉਣ ਸਮੇਂ, ਅਸਲੀ ਦਸਤਾਵੇਜ਼ਾਂ ਜਿਵੇਂ ਕਿ ਪਾਸਪੋਰਟ ਦੀ ਕਾਪੀ ਬਣਾਈ ਜਾਵੇਗੀ ਅਤੇ ਵਾਪਸ ਕਰ ਦਿੱਤਾ ਜਾਵੇਗਾ। ਤੁਹਾਨੂੰ RPO ਨਾਲ ਕਿਸੇ ਵੀ ਨਿਰਧਾਰਤ ਇੰਟਰਵਿਊ ਲਈ ਉਹਨਾਂ ਨੂੰ ਆਪਣੇ ਨਾਲ ਦੁਬਾਰਾ ਲਿਆਉਣਾ ਲਾਜ਼ਮੀ ਹੋਵੇਗਾ।

**ਤੁਹਾਡੇ ਸੰਪਰਕ ਵੇਰਵੇ**
ਤੁਹਾਨੂੰ RSU ਨੂੰ ਨਿਊਜ਼ੀਲੈਂਡ ਵਿਚ ਆਪਣੇ ਰਹਿਣ ਦਾ ਪਤਾ ਅਤੇ ਟੈਲੀਫੋਨ ਨੰਬਰ ਦੇਣਾ ਚਾਹੀਦਾ ਹੈ। ਜੇ ਤੁਸੀਂ ਆਪਣੇ ਦਾਅਵੇ ਦੀ ਕਾਰਵਾਈ ਦੌਰਾਨ ਆਪਣਾ ਪਤਾ ਬਦਲਦੇ ਹੋ, ਤਾਂ ਇਹ ਲਾਜ਼ਮੀ ਹੈ ਕਿ ਤੁਸੀਂ RSU ਨੂੰ ਆਪਣੇ ਨਵੇਂ ਪਤੇ ਬਾਰੇ ਦੱਸੋ।

**ਪੱਤਰ-ਵਿਹਾਰ**
ਜੇ ਤੁਹਾਡੇ ਕੋਲ ਪ੍ਰਤੀਨਿਧੀ ਹੈ, ਤਾਂ ਤੁਹਾਡੇ ਦਾਅਵੇ ਸੰਬੰਧੀ ਸਾਰੇ ਸੰਚਾਰ ਤਦੋਂ ਤੱਕ ਤੁਹਾਡੇ ਪ੍ਰਤੀਨਿਧੀ ਰਾਹੀਂ ਹੋਣਗੇ, ਜਦੋਂ ਤੱਕ ਤੁਸੀਂ ਕੋਈ ਹੋਰ ਬਿਨਤੀ ਨਹੀਂ ਕਰਦੇ। ਜੇ ਤੁਹਾਡੇ ਕੋਲ ਪ੍ਰਤੀਨਿਧੀ ਨਹੀਂ ਹੈ ਤਾਂ ਸਾਰੇ ਪੱਤਰ-ਵਿਹਾਰ ਤੁਹਾਨੂੰ ਸਿੱਧੇ ਹੀ ਭੇਜੇ ਜਾਣਗੇ।

**ਜੇ ਤੁਹਾਡੇ ਕੋਲ ਪ੍ਰਤੀਨਿਧੀ ਨਹੀਂ ਹੈ**
ਜੇ ਤੁਹਾਡੇ ਕੋਲ ਪ੍ਰਤੀਨਿਧੀ ਨਹੀਂ ਹੈ ਤਾਂ ਇਹ ਕੁਝ ਜਾਣਕਾਰੀ ਤੁਹਾਨੂੰ ਹੋਣੀ ਚਾਹੀਦੀ ਹੈ:

› ਤੁਹਾਨੂੰ ਇੱਕ ਵਿਲੱਖਣ ਇਮੀਗ੍ਰੇਸ਼ਨ ਗਾਹਕ ਨੰਬਰ ਦਿੱਤਾ ਜਾਵੇਗਾ (ਉਦਾਹਰਨ ਲਈ "CN: 12345678")। ਤੁਹਾਨੂੰ ਆਪਣਾ ਗਾਹਕ ਨੰਬਰ RSU ਅਤੇ INZ ਨੂੰ ਭੇਜੇ ਗਏ ਕਿਸੇ ਵੀ ਪੱਤਰ-ਵਿਹਾਰ ਉੱਤੇ ਲਿਖਣਾ ਚਾਹੀਦਾ ਹੈ।

› ਤੁਸੀਂ ਆਪਣੀ RSU ਫਾਈਲ ਦੀ ਕਾਪੀ ਲਈ ਬੇਨਤੀ ਕਰ ਸਕਦੇ ਹੋ। ਇਸ ਵਿੱਚ ਤੁਹਾਡੇ ਦਾਅਵੇ ਬਾਰੇ ਤੁਹਾਡੇ ਵਜੋਂ ਦਿੱਤੀ ਗਈ ਜਾਣਕਾਰੀ ਅਤੇ INZ ਦੁਆਰਾ ਰੱਖੀ ਹੋਈ ਹੋਰ ਸੰਬੰਧਿਤ ਜਾਣਕਾਰੀ ਜਿਵੇਂ ਕਿ ਵੀਜ਼ਾ ਅਰਜ਼ੀਆਂ ਸ਼ਾਮਲ ਹੋਣਗੀਆਂ। ਆਪਣੀ ਫਾਈਲ ਦੀ ਕਾਪੀ ਦੀ ਬੇਨਤੀ ਕਰਨ ਲਈ RSU ਨਾਲ ਵਿਅਕਤੀਗਤ ਤੌਰ 'ਤੇ, ਡਾਕ ਰਾਹੀਂ ਜਾਂ RSU@mbie.govt.nz 'ਤੇ ਈਮੇਲ ਭੇਜ ਕੇ ਸੰਪਰਕ ਕਰੋ (ਕਿਰਪਾ ਕਰਕੇ ਈਮੇਲ ਸਬਜੇਕਟ ਲਾਈਨ ਵਿੱਚ ਲਿਖੋ: "File Request", ਅਤੇ ਈਮੇਲ ਦੇ ਮੁੱਖ ਭਾਗ ਵਿੱਚ ਆਪਣਾ ਪੂਰਾ ਨਾਮ ਅਤੇ INZ ਗਾਹਕ ਨੰਬਰ ਵੀ ਲਿਖੋ।)

## 2.3 ਰਫਿਊਜੀ ਸਟੇਟਸ ਯੂਨਿਟ 'ਤੇ

ਤੁਹਾਡਾ ਦਾਅਵਾ ਇੱਕ RPO ਨੂੰ ਨਿਰਧਾਰਨ ਲਈ ਦਿੱਤਾ ਜਾਵੇਗਾ।

ਜਦੋਂ ਸਾਨੂੰ ਤੁਹਾਡਾ ਦਾਅਵਾ ਪੁਸ਼ਟੀ ਫਾਰਮ ਮਿਲ ਜਾਂਦਾ ਹੈ, ਤਾਂ ਨਿਰਧਾਰਨ ਪ੍ਰਕਿਰਿਆ ਦੇ ਚਾਰ ਪੜਾਅ ਹੁੰਦੇ ਹਨ:

**ਲਿਖਤੀ ਬਿਆਨ ਦਰਜ ਕਰੋ**
ਜਦੋਂ ਤੁਸੀਂ ਦਾਅਵਾ ਪੁਸ਼ਟੀ ਫਾਰਮ ਦਰਜ ਕਰਵਾ ਦਿੱਤਾ ਹੋਵੇ (ਸੈਕਸ਼ਨ 2.2 ਦੇਖੋ) ਤਾਂ ਤੁਹਾਨੂੰ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਸਟੇਟਸ ਦਾ ਦਾਅਵਾ ਕਰਨ ਲਈ ਪ੍ਰੇਰਿਤ ਕਰਨ ਵਾਲੇ ਆਪਣੇ ਤਜ਼ਰਬਿਆਂ ਅਤੇ ਹਾਲਾਤਾਂ ਦਾ ਪੂਰਾ, ਲਿਖਤੀ ਬਿਆਨ ਦੇਣਾ ਲਾਜ਼ਮੀ ਹੈ। ਕਿਰਪਾ ਕਰਕੇ ਲਿਖਤੀ ਬਿਆਨ ਦਿਸ਼ਾ-ਨਿਰਦੇਸ਼ (INZ 1362) ਵੇਖੋ ਜੋ ਦੱਸਦੇ ਹਨ ਕਿ ਤੁਹਾਡੇ ਬਿਆਨ ਵਿੱਚ ਕੀ ਸ਼ਾਮਲ ਕਰਨਾ ਹੈ। ਤੁਸੀਂ RSU ਵੈੱਬਸਾਈਟ: www.immigration.govt.nz/RSU 'ਤੇ ਇਹਨਾਂ ਦਿਸ਼ਾ-ਨਿਰਦੇਸ਼ਾਂ ਨੂੰ ਵੇਖ ਸਕਦੇ ਹੋ।

ਤੁਹਾਡਾ ਬਿਆਨ RSU ਨੂੰ ਜਲਦੀ ਤੋਂ ਜਲਦੀ ਜਮ੍ਹਾਂ ਕਰਾਇਆ ਜਾਣਾ ਚਾਹੀਦਾ ਹੈ ਅਤੇ ਇਹ ਦਾਅਵਾ ਪੁਸ਼ਟੀ ਫਾਰਮ ਦੇ ਦਰਜ ਕਰਨ ਤੋਂ 60 ਕੰਮਕਾਜੀ ਦਿਨਾਂ (12 ਹਫ਼ਤੇ) ਤੋਂ ਜਿਆਦਾ ਨਹੀਂ ਹੋਣਾ ਚਾਹੀਦਾ ਹੈ। ਤੁਸੀਂ ਆਪਣਾ ਬਿਆਨ RSU ਨੂੰ ਵਿਅਕਤੀਗਤ ਤੌਰ 'ਤੇ, ਡਾਕ ਜਾਂ ਈਮੇਲ ਦੁਆਰਾ ਦਰਜ ਕਰਵਾ ਸਕਦੇ ਹੋ।

ਜੇ ਤੁਹਾਡਾ ਪ੍ਰਤੀਨਿਧੀ ਹੈ ਤਾਂ ਉਹ ਲਿਖਤੀ ਬਿਆਨ ਵਿੱਚ ਤੁਹਾਡੀ ਮਦਦ ਕਰੇਗਾ। ਤੁਹਾਡਾ ਬਿਆਨ ਅੰਗਰੇਜ਼ੀ ਵਿੱਚ ਹੋਣਾ ਲਾਜ਼ਮੀ ਹੈ ਅਤੇ ਇਸਦੇ ਵਿੱਚ ਤੁਹਾਡੇ ਆਪਣੇ ਦੇਸ਼ ਵਾਪਸ ਜਾਣ ਨਾਲ ਸਬੰਧਤ ਡਰ ਦੇ ਸਾਰੇ ਕਾਰਨ ਲਿਖੇ ਹੋਣੇ ਚਾਹੀਦੇ ਹਨ। ਤੁਹਾਡੇ ਲਿਖਤੀ ਬਿਆਨ ਦੇ ਅੰਗਰੇਜ਼ੀ ਅਨੁਵਾਦ ਵਿਚ ਇਹ ਹੋਣਾ ਲਾਜ਼ਮੀ ਹੈ:

› ਇਹ ਸਹੀ ਅਨੁਵਾਦ ਵਜੋਂ ਉਸ ਵਿਅਕਤੀ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ ਜੋ ਦੋਵੇਂ ਭਾਸ਼ਾਵਾਂ ਦਾ ਜਾਣਕਾਰ ਹੋਵੇ ਅਤੇ ਅਨੁਵਾਦ ਦੇ ਕੰਮ ਵਿੱਚ ਯੋਗਤਾ ਪ੍ਰਾਪਤ ਹੋਵੇ;
› ਅਨੁਵਾਦ ਸੇਵਾ ਦੇ ਅਧਿਕਾਰਤ ਲੈਟਰਹੈੱਡ ‘ਤੇ ਹੋਵੇ; ਜਾਂ
› ਅਨੁਵਾਦਕ ਦੀ ਮੋਹਰ ਜਾਂ ਹਸਤਾਖਰ ਹੋਣ; ਅਤੇ
› ਅਸਲ ਦਸਤਾਵੇਜ਼ ਜਾਂ ਪ੍ਰਮਾਣਿਤ ਕਾਪੀਆਂ ਇਸਦੇ ਨਾਲ ਹੋਣ

ਇਹ ਲਾਜ਼ਮੀ ਹੈ ਕਿ ਤੁਹਾਡਾ ਲਿਖਤੀ ਬਿਆਨ ਕਿਸੇ ਪਰਿਵਾਰਕ ਸਦੱਸ ਜਾਂ ਤੁਹਾਡੇ ਦਾਅਵੇ ਦੇ ਨਤੀਜੇ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਦੁਆਰਾ ਅਨੁਵਾਦ ਕੀਤਾ ਨਾ ਹੋਵੇ।

*ਹੋਰ ਸਬੂਤ*

ਤੁਹਾਡੇ ਲਿਖਤੀ ਬਿਆਨ ਦੇ ਨਾਲ ਤੁਹਾਨੂੰ ਆਪਣੇ ਦਾਅਵੇ ਦੇ ਸਮਰਥਨ ਲਈ ਕੋਈ ਵੀ ਜਾਣਕਾਰੀ ਜਾਂ ਸਬੂਤ ਜਿਵੇਂ ਕਿ ਦਸਤਾਵੇਜ਼ ਦੇਣੇ ਚਾਹੀਦੇ ਹਨ।

ਐਕਟ ਦੀ ਧਾਰਾ 135 ਦੇ ਤਹਿਤ ਆਪਣੇ ਦਾਅਵੇ ਨੂੰ ਸਥਾਪਤ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਆਪਣੀ ਹੈ। ਤੁਸੀਂ ਉਹ ਸਾਰੀ ਜਾਣਕਾਰੀ, ਸਬੂਤ ਅਤੇ ਬੇਨਤੀਆਂ ਕਨੂੰਨ ਨੂੰ ਦਵੋ ਜੋ ਤੁਸੀਂ ਆਪਣੇ ਦਾਅਵੇ ਦੇ ਸਮਰਥਨ ਵਿੱਚ ਚਾਹੁੰਦੇ ਹੋ।

ਉਪਯੋਗੀ ਦਸਤਾਵੇਜ਼ਾਂ ਦੀਆਂ ਕੁਝ ਉਦਾਹਰਣਾਂ ਹਨ:

› ਤੁਹਾਡਾ ਪਾਸਪੋਰਟ, ਅਤੇ ਤੁਹਾਡੇ ਜੀਵਨ ਸਾਥੀ ਅਤੇ ਨਿਊਜ਼ੀਲੈਂਡ ਵਿੱਚ ਕਿਸੇ ਵੀ ਨਿਰਭਰ ਵਿਅਕਤੀ ਦਾ(ਦੇ) ਪਾਸਪੋਰਟ
› ਪੁਲਿਸ ਕਲੀਅਰੈਂਸ ਸਰਟੀਫਿਕੇਟ, ਜੇ ਇਹ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਕਿਸੇ ਸਦੱਸ ਕੋਲ ਹਨ
› ਹੋਰ ਦਸਤਾਵੇਜ਼ ਜੋ ਸਾਨੂੰ ਤੁਹਾਡੀ ਪਛਾਣ ਅਤੇ ਰਾਸ਼ਟਰੀਅਤਾ ਪ੍ਰਮਾਣਿਤ ਕਰਨ ਵਿੱਚ ਮਦਦ ਕਰਨਗੇ - ਇਹਨਾਂ ਵਿੱਚ ਪਛਾਣ ਪੱਤਰ, ਜਨਮ ਸਰਟੀਫਿਕੇਟ, ਵਿਆਹ ਸਰਟੀਫਿਕੇਟ, ਸਕੂਲ ਸਰਟੀਫਿਕੇਟ, ਫੌਜ ਸੇਵਾ ਦਸਤਾਵੇਜ਼ ਅਤੇ ਸਦੱਸਤਾ ਕਾਰਡ ਹੋ ਸਕਦੇ ਹਨ; ਅਤੇ
› ਕੋਈ ਹੋਰ ਦਸਤਾਵੇਜ਼ ਜੋ ਤੁਹਾਡੇ ਦਾਅਵੇ ਦਾ ਸਮਰਥਨ ਕਰਨਗੇ।

ਤੁਹਾਨੂੰ ਸਾਰੇ ਦਸਤਾਵੇਜ਼ਾਂ ਦੇ ਪ੍ਰਮਾਣਿਤ ਅਨੁਵਾਦ ਦੇਣੇ ਚਾਹੀਦੇ ਹਨ ਜੋ ਤੁਸੀਂ ਦਰਜ ਕਰਨਾ ਚਾਹੁੰਦੇ ਹੋ।

## ਇੰਟਰਵਿਊ

RPO ਤੁਹਾਨੂੰ ਇੰਟਰਵਿਊ ਵਿੱਚ ਸ਼ਾਮਲ ਹੋਣ ਲਈ ਕਹਿ ਸਕਦਾ ਹੈ, ਜੋ ਤੁਹਾਡੇ ਦਾਅਵਾ ਪੁਸ਼ਟੀ ਫਾਰਮ ਦੇ ਦਰਜ ਕਰਨ ਤੋਂ 14 ਤੋਂ 16 ਹਫ਼ਤਿਆਂ ਦੇ ਵਿੱਚ ਤਹਿ ਕੀਤਾ ਜਾਵੇਗਾ।

ਇੰਟਰਵਿਊ ਵਿੱਚ ਤੁਹਾਨੂੰ ਪੁੱਛਿਆ ਜਾਵੇਗਾ:

› ਤੁਹਾਡੇ ਬਾਰੇ, ਤੁਹਾਡੇ ਪਰਿਵਾਰ ਅਤੇ ਤੁਹਾਡੇ ਘਰੇਲੂ ਦੇਸ਼ ਬਾਰੇ; ਅਤੇ
› ਤੁਹਾਨੂੰ ਆਪਣੇ ਦੇਸ਼ ਵਾਪਸ ਜਾਣ ਤੋਂ ਡਰ ਕਿਉਂ ਲੱਗਦਾ ਹੈ।

ਇੰਟਰਵਿਊ ਤੁਹਾਨੂੰ ਇਹ ਦੱਸਣ ਦਾ ਮੌਕਾ ਦਿੰਦਾ ਹੈ ਕਿ ਤੁਸੀਂ ਦਾਅਵਾ ਕਿਉਂ ਕਰ ਰਹੇ ਹੋ।

ਇੰਟਰਵਿਊ ਪ੍ਰਕਿਰਿਆ ਦਾ ਇੱਕ ਮੁੱਖ ਹਿੱਸਾ ਹੈ। ਇਸ ਵਿੱਚ ਸੱਚ ਦੱਸਣਾ ਜ਼ਰੂਰੀ ਹੈ, ਕਿਉਂਕਿ ਗਲਤ ਜਾਂ ਗੁੰਮਰਾਹਕੁੰਨ ਬਿਆਨ ਨਾਲ ਤੁਹਾਡੇ ਦਾਅਵੇ ਦੀ ਭਰੋਸੇਯੋਗਤਾ ਪ੍ਰਭਾਵਿਤ ਹੋ ਸਕਦੀ ਹੈ।

ਗਲਤ ਜਾਣਕਾਰੀ ਦੇਣਾ ਇੱਕ ਅਪਰਾਧਿਕ ਜੁਰਮ ਹੈ। ਜੇ ਤੁਸੀਂ ਆਪਣੇ ਦਾਅਵੇ ਬਾਰੇ RPO ਨੂੰ ਗਲਤ ਜਾਣਕਾਰੀ ਦਿੰਦੇ ਹੋ, ਤਾਂ ਇਸ ਨਾਲ ਤੁਹਾਡੇ ਦੁਆਰਾ ਦਿੱਤੀ ਗਈ ਹੋਰ ਜਾਣਕਾਰੀ ‘ਤੇ ਸ਼ੱਕ ਖੜਾ ਹੋ ਸਕਦਾ ਹੈ।

ਜੇ RPO ਨੂੰ ਤੁਹਾਡੇ ਦਾਅਵੇ ਲਈ ਸੰਭਾਵੀ ਤੌਰ ‘ਤੇ ਪ੍ਰਤੀਕੂਲ (ਜਾਂ ਨੁਕਸਾਨਦੇਹ) ਜਾਣਕਾਰੀ ਮਿਲਦੀ ਹੈ, ਅਤੇ ਜਿਸ ਨੂੰ RPO ਆਪਣੇ ਧਿਆਨ ਵਿੱਚ ਰੱਖਣਾ ਚਾਹੁੰਦਾ ਹੈ, ਤਾਂ ਇਹ ਤੁਹਾਨੂੰ ਦੱਸੀ ਜਾਵੇਗੀ ਤਾਂ ਜੋ ਤੁਸੀਂ ਇਸ ਬਾਰੇ ਕੁੱਝ ਕਹਿ ਸਕੋ। ਹਾਲਾਂਕਿ, ਆਮ ਅਤੇ ਜਨਤਕ ਤੌਰ ‘ਤੇ ਉਪਲਬਧ ਦੇਸ਼ ਦੀ ਜਾਣਕਾਰੀ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਹੈ।

ਤੁਹਾਡੀ ਇੰਟਰਵਿਊ ਰਿਕਾਰਡ ਕੀਤੀ ਜਾਵੇਗੀ ਅਤੇ ਰਿਕਾਰਡਿੰਗ ਦੀ ਇੱਕ ਕਾਪੀ (ਅਤੇ RPO ਦੁਆਰਾ ਇੰਟਰਵਿਊ ਵੇਲੇ ਲਏ ਹੋਏ ਕੋਈ ਵੀ ਨੋਟ) ਬਾਅਦ ਵਿੱਚ ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਦਿੱਤੀ ਜਾਵੇਗੀ।

ਜ਼ਿਆਦਾ ਇੰਟਰਵਿਊ ਆਕਲੈਂਡ ਵਿੱਚ RSU ਦਫ਼ਤਰ ਵਿੱਖੇ ਹੁੰਦੀਆਂ ਹਨ। ਇੰਟਰਵਿਊ ਵੈਲਿੰਗਟਨ ਅਤੇ ਕ੍ਰਾਈਸਟਚਰਚ ਵਿੱਖੇ INZ ਜਾਂ MBIE ਦਫਤਰਾਂ ਵਿੱਚ ਵੀ ਨਿਯਮਿਤ ਤੌਰ ‘ਤੇ ਹੁੰਦੀਆਂ ਹਨ। ਦੂਜਿਆਂ ਥਾਵਾਂ ਦੇ ਦਾਅਵੇਦਾਰਾਂ ਨੂੰ ਖੇਤਰੀ MBIE ਦਫ਼ਤਰ ਵਿੱਚ ਆਉਣ ਦੀ ਲੋੜ ਪੈ ਸਕਦੀ ਹੈ।

ਜੇ ਤੁਹਾਨੂੰ ਨਜ਼ਰਬੰਦ ਕੀਤਾ ਜਾਂਦਾ ਹੈ ਤਾਂ ਤੁਹਾਡੀ ਇੰਟਰਵਿਊ ਜਿੱਥੇ ਤੁਸੀਂ ਨਜ਼ਰਬੰਦ ਕੀਤੇ ਗਏ ਹੋ, ਉਥੇ ਹੀ ਹੋਵੇਗੀ (ਜੇਲ ਵਿੱਚ ਜਾਂ Te Āhuru Mōwai o Aotearoa (ਮੈਂਗੇਰੇ ਰਫਿਊਜੀ ਰੀਸੈਟਲਮੈਂਟ ਕੇਂਦਰ ਵਿੱਚ)। ਨਜ਼ਰਬੰਦ ਕੀਤੇ ਲੋਕ ਜਿਨ੍ਹਾਂ ਨੂੰ ਕਮਿਊਨਿਟੀ ਭੇਜ ਦਿੱਤਾ ਗਿਆ ਹੈ, ਉਹਨਾਂ ਨੂੰ ਆਪਣੀ ਇੰਟਰਵਿਊ ਲਈ RSU ਜਾਂ ਹੋਰ MBIE ਦਫਤਰ ਵਿੱਚ ਹਾਜ਼ਰ ਹੋਣ ਦੀ ਲੋੜ ਹੈ।

ਜੇ ਤੁਸੀਂ ਇੱਕ ਪਰਿਵਾਰਿਕ ਸਮੂਹ ਦਾ ਹਿੱਸਾ ਹੋ, ਤਾਂ RPO ਪਰਿਵਾਰ ਦੇ ਹਰੇਕ ਬਾਲਗ ਸਦੱਸ ਦੀ ਅਲਗ ਇੰਟਰਵਿਊ ਲੈ ਸਕਦਾ ਹੈ। ਜੇ ਤੁਹਾਡੇ ਪਰਿਵਾਰਿਕ ਸਮੂਹ ਵਿੱਚ ਨਾਬਾਲਗ (18 ਸਾਲ ਤੋਂ ਘੱਟ) ਹਨ, ਤਾਂ ਉਹਨਾਂ ਵਾਸਤੇ ਇੱਕ ਜ਼ਿੰਮੇਵਾਰ ਬਾਲਗ ਦੀ ਲੋੜ ਹੋਵੇਗੀ। ਬੱਚਿਆਂ ਕੋਲ ਆਪਣੇ ਵਿਚਾਰ ਰੱਖਣ ਦਾ ਹੱਕ ਹੈ, ਅਤੇ ਉਹਨਾਂ ਨੂੰ ਇਹ ਮੌਕਾ ਜਿੱਥੋਂ ਤੱਕ ਇਹ ਵਿਹਾਰਿਕ ਹੋਵੇ, ਦਿੱਤਾ ਜਾਣਾ ਲਾਜ਼ਮੀ ਹੈ। ਉਹਨਾਂ ਦੀ ਉਮਰ ਅਤੇ ਪਰਿਪੱਕਤਾ ਦੇ ਮੁਤਾਬਕ ਉਹਨਾਂ ਦੇ ਵਿਚਾਰ ਧਿਆਨ ਵਿੱਚ ਲਏ ਜਾਣਗੇ। ਇਸ ਵਾਸਤੇ RPO, ਜ਼ਿੰਮੇਵਾਰ ਬਾਲਗ ਅਤੇ ਬੱਚੇ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ।



**ਕਿਰਪਾ ਇਸਤੇ ਧਿਆਨ ਦਿਓ ਕਿ ਛੋਟੇ ਬੱਚੇ ਤੁਹਾਡੇ ਨਾਲ ਇੰਟਰਵਿਊ ਵਾਲੇ ਕਮਰੇ ਵਿੱਚ ਨਹੀਂ ਰਹਿ ਸਕਦੇ ਹਨ। ਕਿਰਪਾ ਆਪਣੀ ਇੰਟਰਵਿਊ ਦੌਰਾਨ ਆਪਣੇ ਬੱਚੇ ਦੀ ਦੇਖਭਾਲ ਦਾ ਪ੍ਰਬੰਧ ਕਰੋ।**

### ਪ੍ਰਤੀਨਿਧੀ

ਜੇ ਤੁਹਾਡਾ ਪ੍ਰਤੀਨਿਧੀ ਹੈ ਤਾਂ ਉਹ ਤੁਹਾਡੇ ਨਾਲ ਇੰਟਰਵਿਊ ਵਿੱਚ ਹਾਜ਼ਰ ਹੋ ਸਕਦਾ ਹੈ।

### ਦੁਭਾਸ਼ੀਆ

ਜੇ ਤੁਹਾਨੂੰ ਲੋੜ ਹੈ, ਤਾਂ RSU ਤੁਹਾਨੂੰ ਅਜਿਹੀ ਭਾਸ਼ਾ ਵਿੱਚ ਸੁਤੰਤਰ ਦੁਭਾਸ਼ੀਆ ਦੇਵੇਗਾ ਜੋ ਤੁਸੀਂ ਬੋਲ ਅਤੇ ਸਮਝ ਸਕਦੇ ਹੋ। ਦੁਭਾਸ਼ੀਆ ਤੁਹਾਡੇ ਅਤੇ RPO ਦੁਆਰਾ ਕਹੀ ਗਈ ਹਰ ਚੀਜ਼ ਦਾ ਅਨੁਵਾਦ ਕਰੇਗਾ। ਦੁਭਾਸ਼ੀਆ ਫੈਸਲੇ ਦੀ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹੁੰਦਾ ਹੈ। ਦੁਭਾਸ਼ੀਏ ਲਈ ਸਾਰੀ ਜਾਣਕਾਰੀ ਨੂੰ ਗੁਪਤ ਰੱਖਣਾ ਲਾਜ਼ਮੀ ਹੈ ਤਾਂ ਜੋ ਤੁਸੀਂ RPO ਨੂੰ ਆਪਣੇ ਦਾਅਵੇ ਦਾ ਕੋਈ ਵੀ ਵੇਰਵਾ ਦੱਸਣ ਤੋਂ ਡਰੋਂ ਨਾ।

ਜੇ ਤੁਹਾਡੀ ਇੰਟਰਵਿਊ ਵਿੱਚ ਤਰਜਮੇ ਵੇਲੇ ਕੋਈ ਦਿੱਕਤ ਹੈ, ਤਾਂ ਇੰਟਰਵਿਊ ਵਿੱਚ ਇਸ ਬਾਰੇ RPO ਜਾਂ ਆਪਣੇ ਪ੍ਰਤੀਨਿਧੀ ਨੂੰ ਦੱਸਣਾ ਤੁਹਾਡੀ ਜ਼ਿੰਮੇਵਾਰੀ ਹੈ।

### ਬਾਇਓਮੈਟ੍ਰਿਕਸ

RPO ਤੁਹਾਡੇ ਕੋਲੋਂ ਤੁਹਾਡੀ ਬਾਇਓਮੀਟ੍ਰਿਕ ਜਾਣਕਾਰੀ (ਉਂਗਲਾਂ ਦੇ ਨਿਸ਼ਾਨ ਅਤੇ ਫੋਟੋ) ਦੀ ਮੰਗ ਕਰ ਸਕਦਾ ਹੈ। ਇਹ ਆਮ ਤੌਰ ‘ਤੇ ਇੰਟਰਵਿਊ ਉੱਤੇ ਹੁੰਦਾ ਹੈ, ਪਰ ਇਹ ਪਹਿਲਾਂ ਵੀ ਹੋ ਸਕਦਾ ਹੈ। ਜੇ ਤੁਸੀਂ ਆਪਣੇ ਬਾਇਓਮੈਟ੍ਰਿਕਸ ਦੇਣ ਵਾਸਤੇ ਇੰਟਰਵਿਊ ਤੋਂ ਪਹਿਲਾਂ RSU ਦਫ਼ਤਰ ਜਾ ਸਕਦੇ ਹੋ ਤਾਂ ਕਿਰਪਾ ਕਰਕੇ RSU@mbie.govt.nz ਤੇ ਈਮੇਲ ਕਰੋ।

ਬਾਇਓਮੈਟ੍ਰਿਕਸ ਬਾਰੇ ਹੋਰ ਜਾਣਕਾਰੀ ਲਈ ਇੰਟਰਵਿਊ ਨਿਰਧਾਰਨ ਪੱਤਰ ਦੇ ਨਾਲ ਦਿੱਤਾ ਹੋਇਆ ਇਮੀਗ੍ਰੇਸ਼ਨ ਲਈ ਉਂਗਲਾਂ ਦੇ ਨਿਸ਼ਾਨ ਅਤੇ ਫੋਟੋ ਜਾਂਚ ਪਰਚਾ ਵੇਖੋ।

### ਸਹਿਯੋਗੀ ਵਿਅਕਤੀ

ਤੁਸੀਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਹੋਣ ਲਈ ਆਪਣੇ ਪ੍ਰਤੀਨਿਧੀ ਤੋਂ ਇਲਾਵਾ ਕਿਸੇ ਹੋਰ ਸਹਿਯੋਗੀ ਵਿਅਕਤੀ ਲਈ ਬੇਨਤੀ ਕਰ ਸਕਦੇ ਹੋ। ਤੁਹਾਨੂੰ ਇਹ ਬੇਨਤੀ ਇੰਟਰਵਿਊ ਤੋਂ ਘੱਟੋ-ਘੱਟ 10 ਕੰਮਕਾਜੀ ਦਿਨ ਪਹਿਲਾਂ ਲਿਖਤੀ ਰੂਪ ਵਿੱਚ ਕਰਨੀ ਹੋਵੇਗੀ ਅਤੇ ਇਹ ਦੱਸਣਾ ਹੋਵੇਗਾ ਕਿ ਤੁਹਾਨੂੰ ਸਹਿਯੋਗੀ ਵਿਅਕਤੀ ਦੀ ਲੋੜ ਕਿਉਂ ਹੈ, ਉਹ ਵਿਅਕਤੀ ਕੌਣ ਹੈ ਅਤੇ ਉਸ ਵਿਅਕਤੀ ਨਾਲ ਤੁਹਾਡਾ ਕੀ ਰਿਸ਼ਤਾ ਹੈ। ਸਹਿਯੋਗੀ ਵਿਅਕਤੀ ਜਾਂ ਨਿਰੀਖਕ ਨੂੰ ਨਿਰੀਖਕ ਗੁਪਤਤਾ ਸਮਝੌਤੇ ‘ਤੇ ਦਸਤਖਤ ਕਰਨ ਦੀ ਲੋੜ ਹੋਵੇਗੀ। ਤੁਹਾਡੀ ਇੰਟਰਵਿਊ ਦੌਰਾਨ ਤੁਹਾਡਾ ਸਹਿਯੋਗੀ ਵਿਅਕਤੀ ਰਿਸੈਪਸ਼ਨ ਤੇ ਉਡੀਕ ਕਰ ਸਕਦਾ ਹੈ।

### ਇੰਟਰਵਿਊ ਵਿੱਚ ਸ਼ਾਮਲ ਹੋਣਾ

ਤੁਹਾਡਾ ਆਪਣੇ ਦਾਅਵੇ ਨੂੰ ਸਥਾਪਤ ਕਰਨ ਅਤੇ ਉਸਦੇ ਸਮਰਥਨ ਵਿੱਚ ਜਾਣਕਾਰੀ ਪ੍ਰਦਾਨ ਕਰਨ ਲਈ ਆਪਣੀ ਇੰਟਰਵਿਊ ਵਿੱਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਹੈ। ਜੇ ਤੁਸੀਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਨਹੀਂ ਹੋ ਪਾਂਦੇ ਤਾਂ RPO ਉਪਲਬਧ ਜਾਣਕਾਰੀ ਦੇ ਅਧਾਰ ‘ਤੇ ਦਾਅਵੇ ਨੂੰ ਨਿਰਧਾਰਤ ਕਰਨ ਲਈ ਅੱਗੇ ਵਧ ਸਕਦਾ ਹੈ।

### ਜੇ ਤੁਸੀਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਨਹੀਂ ਹੋ ਸਕਦੇ ਹੋ ਤਾਂ ਕੀ ਕਰਨਾ ਹੈ

ਜੇ ਤੁਸੀਂ ਆਪਣੀ ਇੰਟਰਵਿਊ ਵਿੱਚ ਸ਼ਾਮਲ ਨਹੀਂ ਹੋ ਸਕਦੇ ਹੋ, ਤਾਂ RSU ਨੂੰ ਜਲਦੀ ਤੋਂ ਜਲਦੀ ਲਿਖਤੀ ਸਹਾਇਕ ਜਾਣਕਾਰੀ ਅਤੇ ਸਬੂਤ ਮੁਹੱਈਆ ਕਰਵਾਏ ਜਾਣੇ ਲਾਜ਼ਮੀ ਹਨ ਅਤੇ ਹੋ ਸਕੇ ਤਾਂ ਨਿਰਧਾਰਤ ਇੰਟਰਵਿਊ ਦੀ ਮਿਤੀ ਤੋਂ ਘੱਟੋ-ਘੱਟ ਦਸ (10) ਕੰਮਕਾਜੀ ਦਿਨ ਪਹਿਲਾਂ ਦਿੱਤੇ ਜਾਣੇ ਲਾਜ਼ਮੀ ਹਨ। ਜੇਕਰ ਤੁਹਾਡੀ ਮੁੜ-ਨਿਰਧਾਰਤ ਕਰਨ ਦੀ ਬੇਨਤੀ ਮੰਨ ਲਈ ਜਾਂਦੀ ਹੈ, ਤਾਂ ਤੁਹਾਡੀ ਇੰਟਰਵਿਊ ਜਲਦੀ ਤੋਂ ਜਲਦੀ ਸੰਭਵ ਤਾਰੀਖ਼ ਲਈ ਮੁੜ-ਨਿਰਧਾਰਤ ਕੀਤੀ ਜਾਵੇਗੀ।

### ਜੇ ਤੁਸੀਂ ਇੰਟਰਵਿਊ ਵਾਲੇ ਦਿਨ ਬਿਮਾਰ ਹੋ ਤਾਂ ਕੀ ਕਰਨਾ ਹੈ

ਜੇ ਤੁਸੀਂ ਇੰਟਰਵਿਊ ਵਾਲੇ ਦਿਨ ਬਿਮਾਰੀ ਜਾਂ ਅਪਾਹਜਤਾ ਦੇ ਕਾਰਨ ਆਪਣੇ ਇੰਟਰਵਿਊ ਵਿੱਚ ਸ਼ਾਮਲ ਨਹੀਂ ਹੋ ਪਾਉਂਦੇ ਹੋ, ਤਾਂ ਤੁਹਾਨੂੰ RSU ਨੂੰ ਤੁਰੰਤ 09 928 2236 ‘ਤੇ ਸੂਚਿਤ ਕਰਨਾ ਚਾਹੀਦਾ ਹੈ। ਤੁਹਾਨੂੰ ਕਿਸੇ ਰਜਿਸਟਰਡ ਮੈਡੀਕਲ ਜਾਂ ਸਿਹਤ ਪੇਸ਼ੇਵਰ ਜਿਵੇਂ ਕਿ ਡਾਕਟਰ ਤੋਂ ਮੈਡੀਕਲ ਸਰਟੀਫਿਕੇਟ ਲੈਕੇ ਇੰਟਰਵਿਊ ਵਾਲੇ ਦਿਨ ਸ਼ਾਮ 4:00 ਵਜੇ ਤੱਕ ਦੇਣਾ ਚਾਹੀਦਾ ਹੈ। ਤੁਸੀਂ RSU ਨੂੰ ਦਸਤਾਵੇਜ਼ ਦੀ ਇੱਕ ਸਕੈਨ ਕਾਪੀ RSU@mbie.govt.nz ‘ਤੇ ਈਮੇਲ ਕਰ ਸਕਦੇ ਹੋ। ਸਵੀਕਾਰਯੋਗ ਹੋਣ ਲਈ, ਇਹ ਲਾਜ਼ਮੀ ਹੈ ਕਿ ਮੈਡੀਕਲ ਸਰਟੀਫਿਕੇਟ ਵਿੱਚ ਇਹ ਲਿੱਖਿਆ ਜਾਵੇ:

1. ਤੁਹਾਡੀ ਜਾਂਚ ਦੀ ਤਾਰੀਖ਼;
2. ਤੁਹਾਡੀ ਬਿਮਾਰੀ ਜਾਂ ਅਪਾਹਜਤਾ;
3. ਬਿਮਾਰੀ ਜਾਂ ਅਪਾਹਜਤਾ ਦੀ ਸੰਭਾਵਿਤ ਮਿਆਦ;
4. ਤੁਸੀਂ ਇੰਟਰਵਿਊ ਵਿੱਚ ਸ਼ਾਮਲ ਕਿਉਂ ਨਹੀਂ ਹੋ ਸਕੇ, ਮੈਡੀਕਲ ਪ੍ਰੈਕਟੀਸ਼ਨਰ ਦੀ ਰਾਏ ਵਿੱਚ ਇਸਦਾ ਕਾਰਨ; ਅਤੇ
5. ਮੈਡੀਕਲ ਪ੍ਰੈਕਟੀਸ਼ਨਰ ਦੀ ਰਾਏ ਕਿ ਤੁਸੀਂ ਕਦੋਂ ਤੰਦਰੁਸਤ ਹੋਵੋਗੇ ਅਤੇ ਇੰਟਰਵਿਊ ਵਿੱਚ ਸ਼ਾਮਲ ਹੋ ਸਕੋਗੇ।

ਜੇ RSU ਇਸ ਫੈਂਸਲੇ ਤੇ ਆਉਂਦਾ ਹੈ ਕਿ ਮੈਡੀਕਲ ਸਰਟੀਫਿਕੇਟ ਉਪਰੋਕਤ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਤਾਂ ਇੰਟਰਵਿਊ ਨੂੰ ਮੁੜ-ਨਿਯਤ ਕੀਤਾ ਜਾ ਸਕਦਾ ਹੈ।

ਜੇ ਤੁਸੀਂ ਇੰਟਰਵਿਊ ਦੇ ਦਿਨ ਸ਼ਾਮ 4:00 ਵਜੇ ਤੱਕ ਮੈਡੀਕਲ ਸਰਟੀਫਿਕੇਟ ਨਹੀਂ ਦੇ ਪਾਂਦੇ ਹੋ, ਤਾਂ ਵੀ ਤੁਹਾਨੂੰ ਇੰਟਰਵਿਊ ਵਾਲੇ ਦਿਨ RSU ਨਾਲ ਸੰਪਰਕ ਕਰਨਾ ਹੋਵੇਗਾ ਅਤੇ ਕੀ ਹੋਇਆ ਹੈ, ਡਾਕਟਰੀ ਮੁਲਾਕਾਤਾਂ ਦੇ ਵੇਰਵੇ ਅਤੇ ਲੋੜੀਂਦੀ ਜਾਣਕਾਰੀ ਕਦੋਂ ਪੇਸ਼ ਕੀਤੀ ਜਾਵੇਗੀ, ਇਸ ਬਾਰੇ ਦੱਸਣਾ ਹੋਵੇਗਾ।

## ਰਿਪੋਰਟ ਅਤੇ ਜਵਾਬ

*ਰਿਪੋਰਟ*

ਇੰਟਰਵਿਊ ਤੋਂ ਬਾਅਦ, RPO ਤੁਹਾਨੂੰ ਇੱਕ ਰਿਪੋਰਟ ਭੇਜ ਸਕਦਾ ਹੈ ਜਿਸ ਵਿੱਚ ਤੁਹਾਡੇ ਦਾਅਵੇ ਬਾਰੇ ਉਹਨਾਂ ਦੀ ਸਮਝ ਦਾ ਸਾਰ, ਅਤੇ ਤੁਹਾਡੇ ਲਈ ਕੋਈ ਵੀ ਫਾਲੋ-ਅੱਪ ਸਵਾਲ ਜਾਂ ਫਿਕਰਾਂ ਦੱਸਿਆਂ ਜਾਂਦੀਆਂ ਹਨ। ਇਹ ਇੰਟਰਵਿਊ ਪੂਰੀ ਹੋਣ ਦੇ ਚਾਰ (4) ਹਫ਼ਤਿਆਂ ਦੇ ਅੰਦਰ ਭੇਜੀ ਜਾਵੇਗੀ।

*ਜਵਾਬ*

ਤੁਹਾਡੇ ਕੋਲ ਰਿਪੋਰਟ ਦਾ ਜਵਾਬ ਦੇਣ ਲਈ ਅਤੇ ਹੋਰ ਕੁਝ ਜਮਾਂ ਕਰਵਾਉਣ ਲਈ, ਜਾਂ ਤੁਹਾਡੇ ਦਾਅਵੇ ਦੇ ਸਮਰਥਨ ਵਿੱਚ ਹੋਰ ਜਾਣਕਾਰੀ ਦੇਣ ਲਈ ਚਾਰ (4) ਹਫ਼ਤੇ ਹਨ। ਜਵਾਬ ਦੇਣ ਲਈ ਵਾਧੂ ਸਮਾਂ ਬੇਨਤੀ ਕਰਨ ਤੇ ਮਿਲਦਾ ਹੈ।

**ਜੇ ਤੁਹਾਡੀ ਰਿਪੋਰਟ ਗ਼ਲਤ ਪਤੇ ਜਾਂ ਤੁਹਾਡੇ ਹੁਣ ਉਸ ਪਤੇ ਤੇ ਨਾ ਰਹਿਣ ਕਰਕੇ RSU ਨੂੰ ਵਾਪਸ ਕਰ ਦਿੱਤੀ ਜਾਂਦੀ ਹੈ ਅਤੇ RSU ਕੋਲ ਤੁਹਾਡਾ ਕੋਈ ਮੌਜੂਦਾ ਪਤਾ ਨਹੀਂ ਹੈ, ਤਾਂ RPO ਤੁਹਾਡੇ ਦਾਅਵੇ 'ਤੇ ਫੈਸਲਾ ਲੈਣ ਲਈ ਅੱਗੇ ਵਧ ਸਕਦਾ ਹੈ। ਤੁਹਾਨੂੰ RSU ਨੂੰ ਆਪਣੇ ਪਤੇ ਜਾਂ ਸੰਪਰਕ ਵੇਰਵਿਆਂ ਵਿੱਚ ਕੋਈ ਵੀ ਆਈ ਤਬਦੀਲੀ ਬਾਰੇ ਦੱਸਣਾ ਹੋਵੇਗਾ।**

ਇਹ ਬਹੁਤ ਜਰੂਰੀ ਹੈ ਕਿ ਤੁਸੀਂ ਇੰਟਰਵਿਊ ਦੀ ਰਿਪੋਰਟ ਨੂੰ ਧਿਆਨ ਨਾਲ ਪੜ੍ਹੋ, ਅਤੇ ਜੋ ਤੁਸੀਂ RPO ਨੂੰ ਦੱਸਿਆ ਹੈ, ਇਹ ਉਸ ਗੱਲ ਦਾ ਸਹੀ ਸਾਰ ਹੈ ਜਾਂ ਨਹੀਂ, ਇਸਦੀ ਅਪਣੇ ਜਵਾਬ ਵਿੱਚ ਸਹਿਮਤੀ ਜਾਂ ਅਸਹਿਮਤੀ ਦੱਸੋ। ਜੇ ਇਹ ਸਹੀ ਨਹੀਂ ਹੈ, ਤਾਂ ਤੁਹਾਨੂੰ ਦੱਸਣਾ ਚਾਹੀਦਾ ਹੈ ਕਿ ਕਿਹੜੀ ਜਾਣਕਾਰੀ ਗਲਤ ਹੈ ਅਤੇ ਇਸਨੂੰ ਕੀ ਕਹਿਣਾ ਚਾਹੀਦਾ ਹੈ।

ਤੁਹਾਨੂੰ ਇੰਟਰਵਿਊ ਰਿਪੋਰਟ ਵਿੱਚ ਦੱਸੇ ਹੋਏ ਹੋਰ ਸਵਾਲਾਂ ਜਾਂ ਫਿਕਰਾਂ ਦਾ ਜਵਾਬ ਵੀ ਦੇਣਾ ਚਾਹੀਦਾ ਹੈ।

ਜੇ ਤੁਹਾਡੇ ਕੋਲ ਪ੍ਰਤੀਨਿਧੀ ਹੈ ਤਾਂ ਉਹ ਇੰਟਰਵਿਊ ਰਿਪੋਰਟ ਦਾ ਜਵਾਬ ਦੇਣ ਵਿੱਚ ਤੁਹਾਡੀ ਸਹਾਇਤਾ ਕਰੇਗਾ।

ਜੇ ਤੁਹਾਡੇ ਕੋਲ ਆਪਣੇ ਦਾਅਵੇ ਦਾ ਸਮਰਥਨ ਕਰਨ ਲਈ ਹੋਰ ਜਾਣਕਾਰੀ ਹੈ, ਤਾਂ ਤੁਹਾਨੂੰ RPO ਨੂੰ ਤੁਹਾਡੇ ਦਾਅਵੇ 'ਤੇ ਕੋਈ ਫੈਸਲਾ ਲੈਣ ਤੋਂ ਪਹਿਲਾਂ ਸੂਚਿਤ ਕਰਨਾ ਹੋਵੇਗਾ।

**ਫੈਸਲਾ**
RPO ਇੰਟਰਵਿਊ ਰਿਪੋਰਟ 'ਤੇ ਤੁਹਾਡੇ ਜਵਾਬ ਮਿਲਣ ਦੇ ਛੇ (6) ਹਫ਼ਤਿਆਂ ਦੇ ਅੰਦਰ ਤੁਹਾਡੇ ਦਾਅਵੇ 'ਤੇ ਫੈਸਲਾ ਜਾਰੀ ਕਰੇਗਾ।

RPO ਹਰ ਇੱਕ ਦਾਅਵੇ ਦਾ ਮੁਲਾਂਕਣ ਇਸਦੇ ਗੁਣਾਂ ਦੇ ਆਧਾਰ 'ਤੇ ਕਰਦਾ ਹੈ। RPO ਇਹ ਫੈਸਲਾ ਤੁਹਾਡੇ ਦੁਆਰਾ ਦਿੱਤੀ ਗਈ ਸਾਰੀ ਜਾਣਕਾਰੀ ਅਤੇ ਤੁਹਾਡੇ ਜਾਂ ਤੁਹਾਡੇ ਘਰੇਲੂ ਦੇਸ਼ ਬਾਰੇ ਉਸ ਕੋਲ ਮੌਜੂਦ ਕਿਸੇ ਵੀ ਹੋਰ ਜਾਣਕਾਰੀ ਦੇ ਆਧਾਰ 'ਤੇ ਕਰੇਗਾ।

RPO ਹੇਠਾਂ ਦਿੱਤੇ ਮੁਲਾਂਕਣ ਕਰੇਗਾ:

1. ਕੀ ਤੁਹਾਡੇ ਬਿਆਨ ਸੱਚੇ/ਭਰੋਸੇਯੋਗ ਹਨ?
2. ਕੀ ਤੁਹਾਡਾ ਦਾਅਵਾ ਰਿਫਿਊਜੀ ਕਨਵੈਨਸ਼ਨ ਦੇ ਆਰਟੀਕਲ 1A(2) ਵਿੱਚ ਦਿੱਤੇ ਹੋਏ ਮਾਪਦੰਡਾਂ ਤੇ ਖਰਾ ਉਤਰਦਾ ਹੈ ਜਾਂ ਕੀ ਤੁਸੀਂ ਸੁਰੱਖਿਅਤ ਵਿਅਕਤੀ ਦੇ ਦਰਜੇ ਦੇ ਯੋਗ ਹੋ?

RPO ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਤੁਹਾਡੇ ਦਾਅਵੇ ਦੇ ਫੈਸਲੇ ਦੀ ਕਾਪੀ ਭੇਜੇਗਾ।

## 2.4 ਫੈਸਲਾ

RPO ਤੁਹਾਡੇ ਦਾਅਵੇ ਨੂੰ ਮਨਜ਼ੂਰ ਜਾਂ ਨਾਮੰਜ਼ੂਰ ਕਰੇਗਾ।

**ਜੇ ਤੁਸੀਂ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਵਜੋਂ ਪਛਾਣੇ ਜਾਂਦੇ ਹੋ**
ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦੀ ਮਾਨਤਾ ਦਾ ਮਤਲਬ ਹੈ ਕਿ ਤੁਹਾਨੂੰ ਨਿਊਜ਼ੀਲੈਂਡ ਵਿੱਚ ਰਹਿਣ ਦੀ ਇਜਾਜ਼ਤ ਹੈ ਅਤੇ ਤੁਸੀਂ ਅਸਥਾਈ ਐਂਟਰੀ ਕਲਾਸ ਵੀਜ਼ਾ ਜਾਂ ਨਿਵਾਸੀ ਵੀਜ਼ਾ ਦੀ ਅਰਜ਼ੀ ਦੇ ਸਕਦੇ ਹੋ। ਉਹ ਬਾਲਗ ਜਿਨ੍ਹਾਂ ਨੂੰ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਵਜੋਂ ਮਾਨਤਾ ਪ੍ਰਾਪਤ ਹੈ, ਪਹਿਲਾਂ ਉਹਨਾਂ ਨੂੰ ਕੰਮ ਦਾ (ਵਰਕ) ਵੀਜ਼ਾ ਦਿੱਤਾ ਜਾਵੇਗਾ। ਸਕੂਲੀ ਉਮਰ ਦੇ ਬੱਚਿਆਂ ਨੂੰ ਆਮ ਤੌਰ 'ਤੇ ਵਿਦਿਆਰਥੀ ਵੀਜ਼ਾ ਦਿੱਤਾ ਜਾਵੇਗਾ, ਜੋ ਉਹਨਾਂ ਨੂੰ ਕਿਸੇ ਵੀ ਪ੍ਰਾਇਮਰੀ ਅਤੇ/ਜਾਂ ਸੈਕੰਡਰੀ ਸਕੂਲ ਵਿੱਚ ਪੜ੍ਹਨ ਦੀ ਇਜਾਜ਼ਤ ਦਿੰਦਾ ਹੈ।

ਡਿਪੇਨਡੇਂਟ (ਆਸ਼ਰਿਤ) ਬੱਚੇ ਜੋ ਸਕੂਲ ਨਹੀਂ ਜਾਂਦੇ ਹਨ, ਉਹਨਾਂ ਨੂੰ ਵਿਜ਼ਟਰ ਵੀਜ਼ਾ ਦਿੱਤਾ ਜਾਵੇਗਾ। ਫਿਰ ਤੁਸੀਂ ਸਥਾਈ ਨਿਵਾਸੀ ਵੀਜ਼ਾ ਦੀ ਅਰਜ਼ੀ ਦੇ ਸਕਦੇ ਹੋ। ਰਿਹਾਇਸ਼ੀ ਵੀਜ਼ਾ ਦੀ ਪ੍ਰਕਿਰਿਆ ਵਿੱਚ ਸਮਾਂ ਲੱਗ ਸਕਦਾ ਹੈ ਅਤੇ ਇਹ ਇੱਕ ਵੱਖਰਾ ਅਤੇ ਵਾਧੂ ਕਦਮ ਹੈ। ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜੇ ਨਾਲ ਰਿਹਾਇਸ਼ੀ ਵੀਜ਼ਾ ਦੀ ਗਰੰਟੀ ਨਹੀਂ ਮਿਲਦੀ ਹੈ। ਹੋਰ ਜਾਣਨ ਲਈ ਕਿਰਪਾ INZ ਦੀ ਵੈੱਬਸਾਈਟ: www.immigration.govt.nz/new-zealand-visas ਵੇਖੋ । ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ ਤਾਂ ਤੁਸੀਂ INZ ਨੂੰ 0508 55 88 55 'ਤੇ ਟੈਲੀਫ਼ੋਨ ਕਰ ਸਕਦੇ ਹੋ। ਜੇ ਤੁਸੀਂ ਫ਼ੋਨ ਕਰਦੇ ਹੋ ਅਤੇ ਤੁਹਾਨੂੰ ਅੰਗਰੇਜ਼ੀ ਵਿੱਚ ਗੱਲ ਕਰਨ ਲਈ ਮਦਦ ਦੀ ਲੋੜ ਹੈ, ਤਾਂ ਉਹ ਭਾਸ਼ਾ ਦੱਸੋ ਜੋ ਤੁਸੀਂ ਬੋਲਦੇ ਹੋ ਅਤੇ INZ ਤੁਹਾਡਾ ਸੰਪਰਕ ਦੁਭਾਸ਼ੀਏ ਨਾਲ ਕਰਵਾ ਦੇਵੇਗਾ - ਜਦੋਂ ਤੁਹਾਡਾ ਸੰਪਰਕ ਬਣਾਇਆ ਜਾ ਰਿਹਾ ਹੋਵੇ ਤਾਂ ਫ਼ੋਨ ਨਾਂ ਰੱਖੋ। ਤੁਹਾਨੂੰ RSU ਤੋਂ ਰਿਹਾਇਸ਼ੀ ਵੀਜ਼ਾ ਅਰਜ਼ੀਆਂ ਅਤੇ ਨਿਊਜ਼ੀਲੈਂਡ ਵਿੱਚ ਸੈਟਲ ਹੋਣ ਬਾਰੇ ਹੋਰ ਜਾਣਕਾਰੀ ਵੀ ਮਿਲੇਗੀ।

**ਜੇ ਤੁਹਾਨੂੰ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦੀ ਮਾਨਤਾ ਪ੍ਰਾਪਤ ਨਹੀਂ ਹੈ**
ਜੇਕਰ ਤੁਸੀਂ ਰਫ਼ਿਊਜੀ ਦੀ ਮਾਨਤਾ ਦੇ ਮਾਪਦੰਡਾਂ ਤੇ ਖਰਾ ਨਹੀਂ ਉੱਤਰਦੇ ਹੋ ਅਤੇ ਤੁਹਾਨੂੰ ਪ੍ਰੋਟੇਕਟਿਡ ਵਿਅਕਤੀ ਦਾ ਦਰਜਾ ਦੇਣ ਤੋਂ ਵੀ ਮਨਾਂ ਕਰ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਇਸ ਮਨਾਹੀ ਦੇ ਕਾਰਨਾਂ ਨੂੰ ਦੱਸਦਾ ਹੋਇਆ ਫੈਸਲਾ ਮਿਲੇਗਾ।

ਤੁਹਾਨੂੰ RPO ਦੇ ਫੈਸਲੇ ਲਈ ਅਪੀਲ ਕਰਨ ਅਤੇ ਇਸ ਦੀਆਂ ਸਮਾਂ ਸੀਮਾਵਾਂ ਦੇ ਅਧਿਕਾਰਾਂ ਬਾਰੇ ਦੱਸਿਆ ਜਾਵੇਗਾ। ਨਾਮੰਜ਼ੂਰ ਹੋਏ ਦਾਅਵਿਆਂ ਦੀ ਆਮ ਤੌਰ 'ਤੇ ਟ੍ਰਿਬਿਊਨਲ ਕੋਲ ਅਪੀਲ ਕੀਤੀ ਜਾ ਸਕਦੀ ਹੈ।

ਜੇ ਤੁਹਾਡੇ ਕੋਲ ਪ੍ਰਤੀਨਿਧੀ ਹੈ ਤਾਂ ਉਹ ਟ੍ਰਿਬਿਊਨਲ ਕੋਲ ਅਪੀਲ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦਾ ਹੈ।

ਜੇ ਤੁਸੀਂ ਅਪੀਲ ਦਾਇਰ ਕਰਦੇ ਹੋ, ਤਾਂ ਤੁਹਾਡੀ INZ ਫਾਈਲ ਦੀ ਕਾਪੀ ਦੇ ਨਾਲ ਤੁਹਾਡੇ ਦਾਅਵੇ ਦੇ ਸਮਰਥਨ ਵਿੱਚ ਤੁਹਾਡੇ ਅਤੇ ਤੁਹਾਡੇ ਪ੍ਰਤੀਨਿਧੀ ਦੁਆਰਾ RSU ਨੂੰ ਦਿੱਤੀ ਹੋਈ ਸਾਰੀ ਜਾਣਕਾਰੀ ਟ੍ਰਿਬਿਊਨਲ ਨੂੰ ਭੇਜੀ ਜਾਵੇਗੀ।

ਜੇ ਤੁਸੀਂ ਕੋਈ ਅਪੀਲ ਦਾਇਰ ਕਰਦੇ ਹੋ ਤਾਂ ਤੁਹਾਨੂੰ ਨਿਊਜ਼ੀਲੈਂਡ ਤੋਂ ਉਦੋਂ ਤੱਕ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਦਾ ਹੈ ਜਦੋਂ ਤੱਕ ਉਸ ਅਪੀਲ 'ਤੇ ਫੈਸਲਾ ਨਹੀਂ ਲੈ ਲਿਆ ਜਾਂਦਾ ਹੈ। ਅਪੀਲਾਂ ਬਾਰੇ ਵਧੇਰੇ ਜਾਣਕਾਰੀ ਲਈ ਟ੍ਰਿਬਿਊਨਲ ਦੀ ਵੈੱਬਸਾਈਟ ਵੇਖੋ: www.justice.govt.nz/tribunals/immigration

**ਜੇ ਤੁਹਾਡੀ ਅਪੀਲ ਸਫਲ ਹੋਵੇ ਤਾਂ**
ਜੇ ਤੁਹਾਡੀ ਅਪੀਲ ਸਫਲ ਹੁੰਦੀ ਹੈ ਤਾਂ ਤੁਸੀਂ ਪਹਿਲਾਂ ਦੱਸੇ ਹੋਏ 'ਜੇ ਤੁਹਾਨੂੰ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦੀ ਮਾਨਤਾ ਪ੍ਰਾਪਤ ਹੈ...' ਪੜਾਅ ਦੇ ਨਾਲ ਅੱਗੇ ਵਧ ਸਕਦੇ ਹੋ ਅਤੇ ਵੀਜ਼ਾ ਦੀ ਅਰਜ਼ੀ ਦੇ ਸਕਦੇ ਹੋ।

**ਜੇ ਤੁਹਾਡੀ ਅਪੀਲ ਅਸਫਲ ਹੋਵੇ ਤਾਂ**
ਜੇ ਤੁਹਾਡੀ ਅਪੀਲ ਅਸਫਲ ਹੋਵੇ ਅਤੇ ਤੁਹਾਡਾ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਨਾਂ ਹੋਣਾ ਨਿਰਧਾਰਿਤ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਨਿਊਜ਼ੀਲੈਂਡ ਛੱਡਣਾ ਪਵੇਗਾ।

ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਆਪਣੇ ਵਿਕਲਪਾਂ ਦੀ ਚਰਚਾ ਕਰਨ ਲਈ ਕੰਪਲਾਇੰਸ ਯੂਨਿਟ ਨੂੰ INZ ਸੰਪਰਕ ਕੇਂਦਰ ਰਾਹੀਂ: 0508 55 88 55 ਤੇ ਸੰਪਰਕ ਕਰਨਾ ਚਾਹੀਦਾ ਹੈ।

ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਵਿਅਕਤੀ ਜਿਸਦਾ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦਾ ਦਰਜਾ ਨਾਮੰਜ਼ੂਰ ਕੀਤਾ ਗਿਆ ਹੈ, ਉਹ ਨਿਊਜ਼ੀਲੈਂਡ ਵਿੱਚ ਰਹਿੰਦੇ ਹੋਏ ਕਿਸੇ ਵੀ ਹੋਰ ਵੀਜ਼ੇ ਦੀ ਅਰਜ਼ੀ ਨਹੀਂ ਦੇ ਸਕਦਾ ਹੈ। ਇਸ ਵਿੱਚ: ਵਿਦਿਆਰਥੀ, ਕੰਮ, ਕਾਰੋਬਾਰ ਅਤੇ ਰਿਹਾਇਸ਼ੀ ਵੀਜ਼ਾ ਦੀ ਅਰਜ਼ੀਆਂ ਸ਼ਾਮਲ ਹਨ। ਇਹ ਸਿਰਫ਼ ਉਹਨਾਂ ਲੋਕਾਂ ਲਈ ਹੈ ਜਿਹਨਾਂ ਦੇ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਾਅਵੇ ਨੂੰ ਅਖ਼ੀਰ ਵਿੱਚ ਨਾਮੰਜ਼ੂਰ ਕਰ ਦਿੱਤਾ ਗਿਆ ਹੈ। ਹਾਲਾਂਕਿ, ਉਹ ਵਿਅਕਤੀ ਜੋ ਨਾਮੰਜ਼ੂਰੀ ਦੀ ਅਪੀਲ ਕਰ ਰਿਹਾ ਹੈ ਜਾਂ ਜੋ ਆਪਣਾ ਦਾਅਵਾ ਨਿਰਧਾਰਨ ਦੀ ਤਾਰੀਖ਼ ਤੋਂ ਪਹਿਲਾਂ (RSU ਵਿੱਖੇ) ਵਾਪਸ ਲੈ ਲੈਂਦਾ ਹੈ, ਉਹ ਨਿਊਜ਼ੀਲੈਂਡ ਵਿੱਚ ਹੋਰ ਵੀਜ਼ਾ ਦੀ ਅਰਜ਼ੀਆਂ ਦੇ ਸਕਦਾ ਹੈ।

## 2.5 ਵਾਧੂ ਜਾਣਕਾਰੀ

**ਜੇ ਤੁਸੀਂ ਹੁਣ ਦਾਅਵਾ ਨਹੀਂ ਕਰਨਾ ਚਾਹੁੰਦੇ ਹੋ ਤਾਂ ਕੀ ਕਰਨਾ ਹੈ?**
ਪ੍ਰਕਿਰਿਆ ਦੇ ਕਿਸੇ ਵੀ ਪੜਾਅ 'ਤੇ ਤੁਹਾਨੂੰ ਆਪਣੀ ਮਰਜ਼ੀ ਨਾਲ ਨਿਊਜ਼ੀਲੈਂਡ ਛੱਡਣ ਦੀ ਆਜ਼ਾਦੀ ਹੈ। ਜੇ ਤੁਸੀਂ ਆਪਣੇ ਦਾਅਵੇ ਦੀ ਕਾਰਵਾਈ ਵਿੱਚ ਨਿਊਜ਼ੀਲੈਂਡ ਛੱਡ ਦਿੰਦੇ ਹੋ, ਤਾਂ ਇਹ ਮੰਨ ਲਿਆ ਜਾਵੇਗਾ ਕਿ ਤੁਸੀਂ ਆਪਣਾ ਦਾਅਵਾ ਵਾਪਸ ਲੈ ਲਿਆ ਹੈ। ਤੁਸੀਂ ਪ੍ਰਕਿਰਿਆ ਦੇ ਕਿਸੇ ਵੀ ਪੜਾਅ 'ਤੇ RPO ਨੂੰ ਆਪਣਾ ਦਾਅਵਾ ਵਾਪਸ ਲੈਣ ਦੇ ਕਾਰਨਾਂ ਬਾਰੇ ਲਿਖਤੀ ਰੂਪ ਵਿੱਚ ਦੱਸ ਕੇ ਆਪਣਾ ਦਾਅਵਾ ਵਾਪਸ ਲੈ ਸਕਦੇ ਹੋ। ਤੁਹਾਨੂੰ RSU ਵੈੱਬਸਾਈਟ: www.immigration.govt.nz/RSU 'ਤੇ ਦਾਅਵਾ ਵਾਪਸ ਲੈਣ ਦਾ ਫਾਰਮ ਮਿਲ ਸਕਦਾ ਹੈ।

**ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜ਼ੇ ਨੂੰ ਰੱਦ ਜਾਂ ਸਮਾਪਤ ਕਰਨਾ**
ਜੇ ਇਹ ਪਤਾ ਲੱਗਦਾ ਹੈ ਕਿ ਤੁਸੀਂ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜੇ ਨੂੰ ਧੋਖੇ ਨਾਲ ਪ੍ਰਾਪਤ ਕੀਤਾ ਹੈ, ਤਾਂ RSU ਤੁਹਾਡੇ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜੇ ਨੂੰ ਰੱਦ ਕਰਨ ਦਾ ਫੈਸਲਾ ਲੈ ਸਕਦਾ ਹੈ। RSU ਤੁਹਾਡੇ ਦਰਜੇ ਨੂੰ ਸਮਾਪਤ ਕਰਨ ਬਾਰੇ ਵੀ ਸੋਚ ਸਕਦਾ ਹੈ ਜੇ ਤੁਸੀਂ ਦੇਸ਼ ਨਿਕਾਲੇ ਲਈ ਉਦਾਹਰਨ ਦੇ ਤੌਰ ਤੇ ਨਿਊਜ਼ੀਲੈਂਡ ਵਿੱਚ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਜਾਣ ਕਾਰਨ ਜ਼ਿੰਮੇਵਾਰ ਬਣ ਜਾਂਦੇ ਹੋ।

RSU ਵਿਅਕਤੀ ਨੂੰ ਨੋਟਿਸ ਭੇਜ ਕੇ ਰੱਦ ਅਤੇ ਸਮਾਪਨ ਦੀਆਂ ਪ੍ਰਕਿਰਿਆਵਾਂ ਦੀ ਸ਼ੁਰੂਆਤ ਕਰਦਾ ਹੈ। ਦਾਅਵਿਆਂ ਨੂੰ ਨਿਰਧਾਰਤ ਕਰਨ ਲਈ ਪ੍ਰਕਿਰਿਆ ਫਿਰ ਇੰਟਰਵਿਊ ਤੋਂ ਸ਼ੁਰੂ ਕਰਦੇ ਹੋਏ ਉੱਪਰ ਦੱਸੀ ਗਈ ਵਿਧੀ ਅਨੁਸਾਰ ਕੀਤੀ ਜਾਂਦੀ ਹੈ।

ਆਮ ਤੌਰ 'ਤੇ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜ਼ੇ ਨੂੰ ਰੱਦ ਜਾਂ ਸਮਾਪਨ ਕਰਨ ਦੇ ਫੈਸਲਿਆਂ ਲਈ ਟ੍ਰਿਬਿਊਨਲ ਕੋਲ ਅਪੀਲ ਕੀਤੀ ਜਾ ਸਕਦੀ ਹੈ। ਜੇ ਤੁਹਾਡਾ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜ਼ਾ ਸਮਾਪਤ ਜਾਂ ਰੱਦ ਕੀਤਾ ਜਾਂਦਾ ਹੈ ਤਾਂ RSU ਤੁਹਾਨੂੰ ਫੈਸਲੇ ਲਈ ਅਪੀਲ ਕਰਨ ਦੇ ਤੁਹਾਡੇ ਅਧਿਕਾਰ ਅਤੇ ਸਮਾਂ ਸੀਮਾਵਾਂ ਬਾਰੇ ਦੱਸੇਗਾ।

## 2.6 ਅੱਗੇ ਚੱਲਕੇ ਕੀਤੇ ਜਾਣ ਵਾਲੇ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦੇ ਦਾਅਵੇ

ਅੱਗੇ ਚੱਲਕੇ ਕੀਤ ਜਾਣ ਵਾਲਾ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਾ ਦਾਅਵਾ ਅਜਿਹੀ ਸਥਿਤੀ ਬਾਰੇ ਦੱਸਦਾ ਹੈ ਜਿੱਥੇ RSU ਦੁਆਰਾ ਕਿਸੀ ਵਿਅਕਤੀ ਦਾ ਦਾਅਵਾ ਨਾਮੰਜ਼ੂਰ ਕੀਤਾ ਗਿਆ ਹੋਵੇ (ਅਤੇ ਟ੍ਰਿਬਿਊਨਲ ਕੋਲ ਕੀਤੀ ਗਈ ਕੋਈ ਵੀ ਅਪੀਲ ਅਸਫਲ ਰਹੀ ਹੋਵੇ) ਅਤੇ ਉਹ ਵਿਅਕਤੀ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜ਼ੇ ਲਈ ਇੱਕ ਹੋਰ ਦਾਅਵਾ ਦਾਇਰ ਕਰਦਾ ਹੈ।

ਅੱਗੇ ਚੱਲਕੇ ਕੀਤੇ ਹੋਏ ਦਾਅਵੇ 'ਤੇ ਵਿਚਾਰ ਕਰਨ ਲਈ, ਇਹ ਜ਼ਰੂਰੀ ਹੈ ਕਿ ਇਹ ਕੁਝ ਮਾਪਦੰਡਾਂ ਤੇ ਖਰਾ ਉੱਤਰੇ। RPO ਨੂੰ ਇਸ ਗੱਲ ਦੀ ਤਸੱਲੀ ਹੋਣੀ ਲਾਜ਼ਮੀ ਹੈ ਕਿ:

- › ਪਿਛਲੇ ਦਾਅਵੇ ਦੇ ਨਿਰਧਾਰਣ ਕੀਤੇ ਜਾਣ ਤੋਂ ਲੈ ਕੇ ਹੁਣ ਦਾਅਵੇ ਦੇ ਹਾਲਾਤਾਂ ਵਿੱਚ ਮਹੱਤਵਪੂਰਨ ਤਬਦੀਲੀ ਆਈ ਹੈ; ਅਤੇ
- › ਇੱਕ ਜਾਂ ਵਧੇਰੀ ਸਥਿਤੀਆਂ ਵਿੱਚ ਤਬਦੀਲੀ ਸ਼ਰਨ ਲੈਣ ਵਾਲੇ ਦੁਆਰਾ ਨਹੀਂ ਹੇਠਾਂ ਕਾਰਨਾਂ ਕਰਕੇ ਲਿਆਂਦੀ ਗਈ ਸੀ-
  - ਚੰਗੇ ਵਿਸ਼ਵਾਸ ਤੋਂ ਇਲਾਵਾ ਕੰਮ ਕਰਨ ਕਰਕੇ; ਅਤੇ
  - ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦੀ ਮਾਨਤਾ ਦੇ ਆਧਾਰ ਬਣਾਉਣ ਦੇ ਉਦੇਸ਼ ਲਈ।

ਅਗਲੇ ਦਾਅਵੇ 'ਤੇ ਵਿਚਾਰ ਕਰਨ ਤੋਂ RPO ਮਨਾਂ ਕਰ ਸਕਦਾ ਹੈ ਜੇ ਉਹਨਾਂ ਨੂੰ ਲੱਗਦਾ ਹੈ ਕਿ ਦਾਅਵਾ:

- › ਸਪੱਸ਼ਟ ਤੌਰ 'ਤੇ ਬੇਬੁਨਿਆਦ ਜਾਂ ਅਪਮਾਨਜਨਕ ਹੈ; ਜਾਂ
- › ਪਹਿਲਾਂ ਕੀਤੇ ਹੋਏ ਕਿਸੇ ਵੀ ਦਾਅਵੇ ਨੂੰ ਫਿਰ ਤੋਂ ਦੋਹਰਾਉਂਦਾ ਹੈ (ਅੱਗੇ ਚੱਲਕੇ ਕੀਤੇ ਜਾਣ ਵਾਲੇ ਦਾਅਵੇ ਸਮੇਤ)।

ਦਾਅਵੇਦਾਰ ਨੂੰ ਇੰਟਰਵਿਊ ਤੋਂ ਪਹਿਲਾਂ ਦਾਅਵਾ ਪੁਸ਼ਟੀ ਫਾਰਮ ਅਤੇ ਅਪਣੇ ਲਿਖਤੀ ਬਿਆਨ ਵਿੱਚ ਇਹ ਦੱਸਣਾ ਚਾਹੀਦਾ ਹੈ ਕਿ ਉਸਦੇ ਅੱਗੇ ਚੱਲਕੇ ਕੀਤੇ ਜਾਣ ਵਾਲੇ ਦਾਅਵੇ ਦੇ ਆਧਾਰ ਕਿਹੜੇ ਹਨ ਅਤੇ ਉਸਨੂੰ ਉਹ ਸਬੂਤ ਵੀ ਦੇਣੇ ਚਾਹੀਦੇ ਹਨ ਜਿਨ੍ਹਾਂ 'ਤੇ ਉਹ ਵਿਚਾਰ ਕਰਾਉਣਾ ਚਾਹੁੰਦੇ ਹਨ।

# 3. ਦਾਅਵੇਦਾਰਾਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ

### 3.1 ਤੁਹਾਡੇ ਅਧਿਕਾਰ

ਨਿਊਜ਼ੀਲੈਂਡ ਵਿੱਚ ਦਾਅਵੇਦਾਰ ਹੋਣ ਦੇ ਨਾਤੇ, ਤੁਹਾਡੇ ਕੋਲ ਇਹ ਅਧਿਕਾਰ ਹਨ:

- ਯੂਨਾਇਟੇਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਿਊਜੀਸ (UNHCR)[3] ਦੇ ਦਫਤਰ ਦੇ ਪ੍ਰਤੀਨਿਧੀ ਨਾਲ ਇਸ ਈਮੇਲ: aulca@unhcr.org ਰਾਹੀਂ ਸੰਪਰਕ ਕਰਨ ਦਾ।
- ਵਕੀਲ ਨਾਲ ਸੰਪਰਕ ਕਰਨ ਦਾ।
- ਕਿਸੇ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਅਧਿਕਾਰੀ ਨਾਲ ਇੰਟਰਵਿਊ ਵਿੱਚ ਰਿਫਿਊਜੀ ਸਟੇਟਸ ਯੂਨਿਟ ਦੁਆਰਾ ਨਿਯੁਕਤ ਕੀਤੇ ਇੱਕ ਸੁਤੰਤਰ ਦੁਭਾਸ਼ੀਏ ਦੇ ਹੋਣਾ ਦਾ।
- ਤੁਹਾਨੂੰ ਤਦੋਂ ਤੱਕ ਦੇਸ਼ ਨਿਕਾਲਾ ਨਹੀਂ ਦਿੱਤੇ ਜਾਂਦ ਦਾ ਜਦੋਂ ਤੱਕ ਤੁਹਾਡਾ ਰਫ਼ਿਊਜੀ ਜਾਂ ਪ੍ਰੋਟੇਕਸ਼ਨ ਦਰਜ਼ੇ ਦਾ ਦਾਅਵਾ ਨਿਰਧਾਰਤ ਨਹੀਂ ਕੀਤਾ ਜਾਂਦਾ ਹੈ ਜਾਂ ਫਿਰ ਤੁਹਾਨੂੰ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਨਾ ਹੋਣ ਦਾ ਫੈਸਲਾ ਨਹੀਂ ਦਿੱਤਾ ਜਾਂਦਾ ਹੈ।
- ਨਿਊਜ਼ੀਲੈਂਡ ਸਰਕਾਰ ਅਤੇ UNHCR ਲਈ ਤੁਹਾਡੇ ਦਾਅਵੇ ਦੇ ਵੇਲੇ ਤੁਹਾਡੇ ਦੁਆਰਾ ਦਿੱਤੀ ਗਈ ਜਾਣਕਾਰੀ ਨੂੰ ਗੁਪਤ ਰੱਖੇ ਜਾਣ ਦਾ ਪਰ ਕਾਨੂੰਨੀ ਉਦੇਸ਼ਾਂ ਲਈ ਜ਼ਰੂਰੀ ਹੋਣ 'ਤੇ ਐਕਟ ਦੇ ਸੈਕਸ਼ਨ 151 ਮੁਤਾਬਕ ਇਸਦਾ ਖੁਲਾਸਾ ਦੂਜਿਆਂ ਨੂੰ ਕੀਤਾ ਜਾ ਸਕਦਾ ਹੈ।
- ਤੁਹਾਡੇ ਨਾਲ ਨਿਰਪੱਖਤਾ ਅਤੇ ਸਹੀ ਕਾਨੂੰਨੀ ਢੰਗ ਨਾਲ ਬਿਨਾਂ ਤੁਹਾਡੀ ਨਸਲ, ਲਿੰਗ, ਉਮਰ, ਧਰਮ, ਜਿਨਸੀ ਝੁਕਾਅ ਜਾਂ ਕਿਸੇ ਅਪਾਹਜਤਾ ਤੋਂ ਵਿਹਾਰ ਕੀਤੇ ਜਾਣ ਦਾ।
- ਤੁਹਾਡੇ ਦਾਅਵੇ 'ਤੇ ਨਿਰਪੱਖਤਾ ਨਾਲ ਵਿਚਾਰ ਕੀਤੇ ਜਾਣ ਦਾ।
- ਜਨਤਕ ਤੌਰ 'ਤੇ ਫੰਡ ਕੀਤੇ ਗਏ ਹੈਲਥਕੇਅਰ ਤਕ ਪਹੁੰਚ ਦਾ (ਪਰ ਮੁਫ਼ਤ ਵਿੱਚ ਨਹੀਂ),
- ਸਕੂਲੀ ਉਮਰ ਦੇ ਬੱਚਿਆਂ ਦੀ ਸਿੱਖਿਆ ਤਕ ਪਹੁੰਚ ਦਾ ਪਰ ਟਰਸ਼ਰੀ ਵਿਦਿਆਰਥੀਆਂ ਲਈ ਨਹੀਂ,
- ਜੇ ਤੁਹਾਡੇ ਕੋਲ ਵੈਧ ਵੀਜ਼ਾ ਹੈ ਤਾਂ ਵਰਕ ਐਂਡ ਇਨਕਮ (ਕੰਮ ਅਤੇ ਆਮਦਨੀ) ਦੇ ਲਾਭਾਂ ਦਾ।
- ਜੇ ਤੁਹਾਡਾ ਵੀਜ਼ਾ ਤੁਹਾਨੂੰ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ ਤਾਂ ਤਾਂ ਕੰਮ ਕਰਨ ਦਾ।
- ਆਪਣੇ ਧਰਮ ਨੂੰ ਮੰਨਣ ਦਾ।
- ਜੇ ਤੁਹਾਡੇ ਕੋਲ ਕੋਈ ਪਛਾਣ ਦਸਤਾਵੇਜ਼ ਨਹੀਂ ਹੈ ਤਾਂ ਉਸ ਦੀ ਅਰਜ਼ੀ ਦੇਣ ਦਾ।

ਸਹਿਯੋਗ ਸੇਵਾਵਾਂ ਦੀ ਵਧੇਰੇ ਜਾਣਕਾਰੀ ਲਈ ਸ਼ਰਨ ਮੰਗਣ ਵਾਲਿਆਂ ਲਈ ਸੇਵਾਵਾਂ ਦਾ ਬਰੋਸ਼ਰ ਵੇਖੋ।

### 3.2 ਤੁਹਾਡੀ ਜ਼ਿੰਮੇਵਾਰੀਆਂ

ਸ਼ਰਣ ਮੰਗਣ ਵਾਲੇ ਵਜੋਂ ਤੁਹਾਡੀ ਜ਼ਿੰਮੇਵਾਰੀ ਇਹ ਹੈ:

- ਦਾਅਵਾ ਪੁਸ਼ਟੀ ਫਾਰਮ ਸਮੇਤ ਲੋੜੀਂਦੇ ਫਾਰਮਾਂ ਨੂੰ ਪੂਰਾ ਕਰਨਾ (ਜੇ ਤੁਸੀਂ ਦਾਅਵਾ ਕਰਨ ਦੇ ਇਰਾਦੇ ਨੂੰ ਦਰਸ਼ਾਇਆ ਹੈ) ।
- ਇੱਕ ਲਿਖਤੀ ਬਿਆਨ ਦੇਣਾ ਜੋ ਨਿਸ਼ਚਿਤ ਸਮਾਂ-ਸੀਮਾ ਅੰਦਰ ਤੁਹਾਡੇ ਦਾਅਵੇ ਦੇ ਆਧਾਰ ਨੂੰ ਨਿਰਧਾਰਤ ਕਰਦਾ ਹੋਵੇ।
- ਦਾਅਵੇ ਦੇ ਸਾਰੇ ਸੰਭਾਵੀ ਆਧਾਰਾਂ ਦੀ ਸਲਾਹ ਦੇਣਾ।
- ਇਹ ਦੱਸਣ ਦਾ ਕਿ ਜੇ ਤੁਹਾਡਾ ਨਿਊਜ਼ੀਲੈਂਡ ਵਿੱਚ ਨਜ਼ਦੀਕੀ ਪਰਿਵਾਰ ਹੈ ਜੋ ਰਫ਼ਿਊਜੀ ਜਾਂ ਪ੍ਰੋਟੇਕਟਿਡ ਸੁਰੱਖਿਅਤ ਵਿਅਕਤੀ ਵਜੋਂ ਮਾਨਤਾ ਦੀ ਮੰਗ ਕਰ ਰਿਹਾ ਹੈ ਅਤੇ ਜੇ ਪਰਿਵਾਰ ਦੇ ਸਦੱਸ ਦੇ ਦਾਅਵੇ ਦਾ ਆਧਾਰ ਤੁਹਾਡੇ ਆਪਣੇ ਦਾਅਵੇ ਤੋਂ ਵੱਖਰਾ ਹੈ।
- RPO ਨਾਲ ਤੈਅ ਕੀਤੀ ਹੋਈ ਇੰਟਰਵਿਊ ਵਿੱਚ ਸ਼ਾਮਲ ਹੋਣ ਦਾ (ਜੇ ਲੋੜ ਹੋਵੇ ਤਾਂ) ।
- ਆਪਣੇ ਦਾਅਵੇ ਦੇ ਸਮਰਥਨ ਵਿੱਚ ਉਹ ਸਾਰੀ ਜਾਣਕਾਰੀ, ਸਬੂਤ ਅਤੇ ਬੇਨਤੀਆਂ ਜੋ ਤੁਸੀਂ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਵਿਚਾਰੇ ਜਾਣ ਚਾਹੁੰਦੇ ਹੋ। ਇਸ ਵਿੱਚ ਸ਼ਾਮਲ ਹਨ:
  a. ਤੁਹਾਡੀ ਪਛਾਣ ਦਾ ਸਬੂਤ, ਇਸ ਦੇ ਨਾਲ-
     i. ਤੁਹਾਡੀ ਇੱਕ ਹਾਲ ਹੀ ਦੀ ਫੋਟੋ; ਅਤੇ
     ii. ਕਿਸੇ ਵੀ ਪਛਾਣ ਦਸਤਾਵੇਜ਼ ਦਾ ਸਬੂਤ ਜਿਸ ਵਿੱਚ ਤੁਹਾਡੇ ਵਲੋਂ ਇਸਤੇਮਾਲ ਕੀਤੇ ਗਏ ਉਪਨਾਮ ਜਾਂ ਉਪਨਾਮਾਂ ਦੇ ਵੇਰਵੇ ਸ਼ਾਮਲ ਹਨ; ਅਤੇ
     iii. ਕਿਸੇ ਵੀ ਪਛਾਣ ਦਸਤਾਵੇਜ਼ ਦਾ ਸਬੂਤ ਜਿਸ ਵਿੱਚ ਤੁਹਾਡੇ ਨਾਮ ਦੀ ਇੱਕ ਵੱਖਰੀ ਸਪੈਲਿੰਗ ਹੋਵੇ ਜਾਂ ਤੁਹਾਡੀ ਕੋਈ ਵੱਖਰੀ ਜਨਮ ਮਿਤੀ ਲਿਖੀ ਹੋਵੇ:
  b. ਤੁਹਾਡੇ ਮੂਲ ਦੇਸ਼ ਦਾ ਸਬੂਤ
  c. ਤੁਹਾਡੇ ਦਾਅਵੇ ਦਾ ਸਮਰਥਨ ਕਰਨ ਵਾਲਾ ਕੋਈ ਵੀ ਸਬੂਤ
  d. ਤੁਹਾਡੇ ਕੋਲ ਐਕਟ ਦੇ ਸੈਕਸ਼ਨ 129, 130, ਜਾਂ 131 ਦੇ ਤਹਿਤ ਕਿਸੇ ਹੋਰ ਸੰਭਾਵੀ ਦਾਅਵੇ ਦਾ ਸਮਰਥਨ ਕਰਨ ਵਾਲਾ ਕੋਈ ਵੀ ਸਬੂਤ।
- ਉਹ ਜਾਣਕਾਰੀ ਦੇਣ ਲਈ ਜੋ ਤੁਹਾਡੇ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦਰਜ਼ੇ ਨਾਲ ਸੰਬੰਧਿਤ ਹੈ, ਜਿਸ ਵਿੱਚ ਉਹ ਮਾਮਲੇ ਸ਼ਾਮਲ ਹਨ ਜੋ ਰਫ਼ਿਊਜੀ ਕਨਵੈਨਸ਼ਨ ਦੇ ਆਰਟੀਕਲ 1C ਤੋਂ 1F ਦੇ ਤਹਿਤ ਤੁਹਾਨੂੰ ਰਫ਼ਿਊਜੀ ਦਰਜ਼ੇ ਤੋਂ ਬਾਹਰ ਕਰ ਸਕਦੇ ਹਨ।
- ਤੁਹਾਡੇ ਮੌਜੂਦਾ ਸੰਪਰਕ ਪਤੇ ਬਾਰੇ ਦੱਸਣ ਲਈ ਅਤੇ RSU ਨੂੰ ਕਿਸੇ ਵੀ ਤਬਦੀਲੀ ਬਾਰੇ ਸੂਚਿਤ ਕਰਨ ਲਈ।
- RSU ਜਾਂ RPO ਤੋਂ ਆਏ ਸਾਰੇ ਸੰਚਾਰਾਂ ਦਾ ਤੁਰੰਤ ਜਵਾਬ ਦੇਣ ਲਈ।
- ਜੇ ਤੁਸੀਂ ਚਾਹੁੰਦੇ ਹੋ ਤਾਂ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਵੈਧ ਵੀਜ਼ਾ 'ਤੇ ਨਿਊਜ਼ੀਲੈਂਡ ਵਿੱਚ ਕਾਨੂੰਨੀ ਤੌਰ 'ਤੇ ਰਹੋ।

### 3.3 ਫੀਡਬੈਕ

RSU ਫੀਡਬੈਕ ਦਾ ਸੁਆਗਤ ਕਰਦਾ ਹੈ। ਫੀਡਬੈਕ ਰਸਮੀ ਤੌਰ 'ਤੇ ਲਿਖ ਕੇ, ਜਾਂ ਗੈਰ ਰਸਮੀ ਤੌਰ 'ਤੇ (RSU ਦੇ ਸਟਾਫ ਸਦੱਸ ਨਾਲ ਗੱਲ ਕਰਕੇ) ਦਿੱਤਾ ਜਾ ਸਕਦਾ ਹੈ। ਜੇ ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਪ੍ਰਕਿਰਿਆ ਬਾਰੇ ਕੋਈ ਵੀ ਫਿਕਰ ਹੈ ਤਾਂ ਤੁਸੀਂ ਜ਼ਿੰਮੇਵਾਰ RPO ਜਾਂ ਸਟਾਫ ਸਦੱਸ ਨੂੰ ਇਹ ਦੱਸ ਸਕਦੇ ਹੋ। ਜੇ ਇਸਨੂੰ ਹੱਲ ਨਹੀਂ ਕੀਤਾ ਜਾ ਸਕਦਾ ਹੈ, ਤਾਂ ਤੁਸੀਂ RPO ਦੇ ਮੈਨੇਜਰ ਜਾਂ RSU ਨੂੰ RSU@mbie.govt.nz 'ਤੇ ਈਮੇਲ ਭੇਜ ਸਕਦੇ ਹੋ।

ਤੁਸੀਂ INZ ਦੀ ਵੈੱਬਸਾਈਟ
www.feedback.immigration.govt.nz
'ਤੇ ਵੀ ਆਪਣਾ ਫੀਡਬੈਕ ਦੇ ਸਕਦੇ ਹੋ, ਜਿੱਥੇ ਤੁਸੀਂ ਰਸਮੀ ਤੌਰ 'ਤੇ ਸ਼ਿਕਾਇਤ, ਸੁਝਾਅ, ਜਾਂ ਤਾਰੀਫ਼ ਕਰ ਸਕਦੇ ਹੋ।

[3] ਕੈਨਬਰਾ ਵਿੱਖੇ UNHCR ਦੇ ਬਹੁ-ਦੇਸ਼ੀ ਪ੍ਰਤੀਨਿਧੀ ਦਫਤਰ ਨੇ MBIE ਸਟਾਫ ਨੂੰ ਈਮੇਲ ਦੁਆਰਾ ਇਹ ਪੁਸ਼ਟੀ ਕੀਤੀ ਹੈ ਕਿ: "UNHCR ਦਾਅਵੇਦਾਰਾਂ ਨੂੰ ਵਿਅਕਤੀਗਤ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਨਹੀਂ ਹੈ"। ਇਸ ਦੀ ਬਜਾਏ, "UNHCR ਨਿਊਜ਼ੀਲੈਂਡ ਸਮੇਤ ਖੇਤਰ ਵਿੱਚ ਰਫ਼ਿਊਜੀ ਅਧਿਕਾਰਾਂ ਦੇ ਪ੍ਰਚਾਰ ਅਤੇ ਸੁਰੱਖਿਆ ਦੇ ਲਈ ਜ਼ਿੰਮੇਵਾਰ ਹੈ। UNHCR ਸ਼ਰਨ ਦੀਆਂ ਪ੍ਰਕਿਰਿਆਵਾਂ 'ਤੇ ਬੜੇ ਧਿਆਨ ਨਾਲ ਨਜ਼ਰ ਰੱਖਦਾ ਹੈ ਜਿਸ ਵਿੱਚ ਨਿਊਜ਼ੀਲੈਂਡ ਵਿੱਚ ਨਜ਼ਰਬੰਦੀ ਦੇ ਪ੍ਰਬੰਧ ਵੀ ਸ਼ਾਮਲ ਹਨ ਅਤੇ ਸਰਕਾਰ ਨਾਲ ਮਿਲ ਕੇ ਸ਼ਰਨ ਮੰਗਣ ਵਾਲਿਆਂ ਅਤੇ ਰਫ਼ਿਊਜੀਆਂ ਦੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਸਨਮਾਨ ਨੂੰ ਉਤਸ਼ਾਹਿਤ ਕਰਦਾ ਹੈ। UNHCR ਸ਼ਰਣ ਪ੍ਰਕਿਰਿਆ ਦੇ ਵੇਲੇ ਦਾਅਵੇਦਾਰਾਂ ਨੂੰ ਨਿਊਜ਼ੀਲੈਂਡ ਵਿੱਚ ਜ਼ਰੂਰੀ ਸਹਿਯੋਗੀ ਸੇਵਾਵਾਂ ਨੂੰ ਲੈਣ ਲਈ ਆਮ ਜਾਣਕਾਰੀ ਵੀ ਪ੍ਰਦਾਨ ਕਰ ਸਕਦਾ ਹੈ ਅਤੇ ਕੁਝ ਖਾਸ ਹਾਲਾਤਾਂ ਵਿੱਚ, ਜਿੱਥੇ ਲੋੜ ਹੋਵੇ ਨਿਊਜ਼ੀਲੈਂਡ ਤੋਂ ਬਾਹਰ UNHCR ਦੇ ਨਾਲ ਕਿਸੇ ਵਿਅਕਤੀ ਦੀ ਰਜਿਸਟ੍ਰੇਸ਼ਨ ਦੀ ਪੁਸ਼ਟੀ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ, ਬਸ਼ਰਤੇ ਸਹਿਮਤੀ ਦਿੱਤੀ ਗਈ ਹੋਵੇ"।

# ਨਿਰਧਾਰਨ ਪ੍ਰਕਿਰਿਆ ਦੇ ਲਈ ਸਮਾਂ-ਸੀਮਾਵਾਂ

ਆਪਣੀਆਂ ਮਹੱਤਵਪੂਰਨ ਤਾਰੀਖਾਂ ਨੂੰ ਨੋਟ ਕਰੋ

| | | |
|---|---|---|
| 1. | **ਦਾਅਵਾ ਇਥੋਂ ਸ਼ੁਰੂ ਹੋ ਸਕਦਾ ਹੈ**<br>ਤੁਸੀਂ ਪੁਲਿਸ ਜਾਂ MBIE ਅਧਿਕਾਰੀ ਨੂੰ ਨਿਊਜ਼ੀਲੈਂਡ ਵਿੱਚ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦਰਜੇ ਦੇ ਆਪਣੇ ਦਾਅਵੇ ਦੇ ਇਰਾਦੇ ਨੂੰ ਦੱਸ ਸਕਦੇ ਹੋ, ਜੋ RSU ਨੂੰ ਸੂਚਿਤ ਕਰਦਾ ਹੈ। | *ਉਹ ਤਾਰੀਖ਼ ਜਦੋਂ ਤੁਸੀਂ ਸੰਕੇਤ ਦੇਕੇ ਦਾਅਵਾ ਕੀਤਾ ਸੀ* |
| 2. | **ਦਾਅਵਾ ਇਥੋਂ ਸ਼ੁਰੂ ਹੋ ਸਕਦਾ ਹੈ**<br>(1) ਤੁਸੀਂ ਰਫ਼ਿਊਜੀ ਲਈ ਦਾਅਵਾ ਪੁਸ਼ਟੀ ਪੂਰਾ ਕਰਦੇ ਹੋ ਅਤੇ ਦਰਜ ਕਰਦੇ ਹੋ ਅਤੇ | *ਉਹ ਤਾਰੀਖ਼ ਜਦੋਂ ਤੁਸੀਂ ਦਾਅਵਾ ਪੁਸ਼ਟੀ ਫਾਰਮ ਦਰਜ਼ ਕਰਵਾਇਆ ਸੀ* |
| 3. | **ਦਾਅਵੇ ਦੀ ਪੁਸ਼ਟੀ ਨੂੰ ਦਰਜ ਕਰਨ ਤੋਂ 12 ਹਫ਼ਤਿਆਂ (60 ਕੰਮਕਾਜੀ ਦਿਨਾਂ) ਦੇ ਅੰਦਰ:**<br>(2) ਇਹ ਲਾਜ਼ਮੀ ਹੈ ਕਿ ਤੁਸੀਂ RSU ਨੂੰ ਲਿਖਤੀ ਬਿਆਨ ਜਮ੍ਹਾਂ ਕਰਵਾਓ ਜਿਸ ਵਿੱਚ ਤੁਹਾਡੇ ਦਾਅਵੇ ਦੇ ਵੇਰਵਿਆਂ ਦੀ ਰੂਪਰੇਖਾ ਦੇ ਨਾਲ ਕੋਈ ਵੀ ਉਪਲਬਧ ਸਬੂਤ ਹੋ ਸਕਦੇ ਹਨ। | *ਉਹ ਤਾਰੀਖ਼ ਜਦੋਂ ਤੁਸੀਂ ਲਿਖਤੀ ਬਿਆਨ ਦਰਜ਼ ਕਰਵਾਇਆ ਸੀ* |
| 4. | **ਦਾਅਵੇ ਦੀ ਪੁਸ਼ਟੀ ਨੂੰ ਦਰਜ ਕਰਨ ਤੋਂ 14-16 ਹਫ਼ਤੇ (70 - 80 ਕੰਮਕਾਜੀ ਦਿਨ):**<br>(3) ਜੇ ਲੋੜ ਪਵੇ ਤਾਂ ਇਹ ਲਾਜ਼ਮੀ ਹੈ ਕਿ ਤੁਸੀਂ RPO ਦੇ ਨਾਲ ਇੰਟਰਵਿਊ ਵਿੱਚ ਸ਼ਾਮਲ ਹੋਵੋ | *ਇੰਟਰਵਿਊ ਦੀ ਤਾਰੀਖ਼* |
| 5. | **ਇੰਟਰਵਿਊ ਤੋਂ 4 ਹਫ਼ਤੇ (20 ਕੰਮਕਾਜੀ ਦਿਨ):**<br>(4) RPO ਤੁਹਾਨੂੰ ਜਾਂ ਤੁਹਾਡੇ ਪ੍ਰਤੀਨਿਧੀ ਨੂੰ ਤੁਹਾਡੇ ਦਾਅਵੇ ਦੀ ਰਿਪੋਰਟ ਭੇਜੇਗਾ | *ਰਿਪੋਰਟ ਦੀ ਤਾਰੀਖ਼* |
| 6. | **ਰਿਪੋਰਟ ਤੋਂ 4 ਹਫ਼ਤੇ (20 ਕੰਮਕਾਜੀ ਦਿਨ)** (5) ਤੁਸੀਂ/ਜਾਂ ਤੁਹਾਡਾ ਪ੍ਰਤੀਨਿਧੀ ਰਿਪੋਰਟ ਦਾ ਜਵਾਬ ਅਤੇ ਕੋਈ ਵੀ ਵਾਧੂ ਸਬੂਤ ਦੇ ਸਕਦੇ ਹੋ | *ਤੁਹਾਡੇ ਜਵਾਬ ਦੀ ਤਾਰੀਖ਼* |

ਕਿਰਪਾ ਨੋਟ ਕਰੋ ਕਿ ਤੁਹਾਡੀ ਜ਼ਿੰਮੇਵਾਰੀ ਨਿਰਧਾਰਤ ਸਮਾਂ-ਸੀਮਾਵਾਂ ਨੂੰ ਬਣਾਏ ਰੱਖਣਾ ਹੈ। ਨਿਰਧਾਰਤ ਸਮਾਂ-ਸੀਮਾਵਾਂ ਦੀ ਪਾਲਣਾ ਨਾਂ ਕਰਨਾ ਜਾਂ ਵਾਜਬ ਵਿਆਖਿਆ ਤੋਂ ਬਿਨਾਂ ਲੋੜੀਂਦੀ ਜਾਣਕਾਰੀ ਦੇਣਾ:

› ਤੁਹਾਡੇ ਦਾਅਵੇ ਨੂੰ ਸਥਾਪਤ ਕਰਨ ਵਿੱਚ ਤੁਹਾਡੀਆਂ ਜ਼ਿੰਮੇਵਾਰੀਆਂ ਦੇ ਲਈ ਇੱਕ ਨਕਾਰਾਤਮਕ ਸੰਕੇਤ ਦੇ ਸਕਦਾ ਹੈ;

› ਭਰੋਸੇਯੋਗਤਾ ਤੇ ਇੱਕ ਨਕਾਰਾਤਮਕ ਸੰਕੇਤ ਦੇ ਸਕਦਾ ਹੈ;

› RPO ਨੂੰ ਉਪਲਬਧ ਜਾਣਕਾਰੀ ਦੇ ਆਧਾਰ ‘ਤੇ ਤੁਹਾਡੇ ਦਾਅਵੇ ‘ਤੇ ਫੈਸਲਾ ਲੈਣ ਦੀ ਅਗਵਾਈ ਕਰ ਸਕਦਾ ਹੈ

ਜੇ ਤੁਸੀਂ ਐਕਟ ਦੇ ਸੈਕਸ਼ਨ 149(4) ਦੇ ਅਨੁਸਾਰ RPO ਨਾਲ ਇੰਟਰਵਿਊ ਵਿੱਚ ਸ਼ਾਮਲ ਨਹੀਂ ਹੁੰਦੇ ਹੋ, ਤਾਂ RPO ਉਪਲਬਧ ਜਾਣਕਾਰੀ ਦੇ ਅਧਾਰ ‘ਤੇ ਦਾਅਵੇ ਨੂੰ ਨਿਰਧਾਰਿਤ ਕਰ ਸਕਦਾ ਹੈ।



# ਸ਼ਬਦਾਵਲੀ

**ਦਾਅਵੇਦਾਰ:** ਉਹ ਵਿਅਕਤੀ ਜਿਸਨੇ ਨਿਊਜ਼ੀਲੈਂਡ ਵਿੱਚ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਦਰਜ਼ੇ (“ਦਾਅਵਾ”) ਦੀ ਮੰਗ ਕੀਤੀ ਹੈ, ਪਰ ਜਿਸਦੇ ਦਾਅਵੇ ਦਾ ਫੈਸਲਾ ਅਜੇ ਨਹੀਂ ਕੀਤਾ ਗਿਆ ਹੈ।

**ਬਾਇਓਮੀਟ੍ਰਿਕ ਜਾਣਕਾਰੀ:** ਕਿਸੇ ਵਿਅਕਤੀ ਦੇ ਸਿਰ ਅਤੇ ਮੋਢਿਆਂ ਦੀ ਪੂਰੀ ਜਾਂ ਹਿੱਸੇ ਦੀ ਫੋਟੋ, ਵਿਅਕਤੀ ਦੇ ਉਂਗਲਾਂ ਦੇ ਨਿਸ਼ਾਨ, ਆਇਰਿਸ ਸਕੈਨ।

**ਕਨਵੈਨਸ਼ਨ ਰਫ਼ਿਊਜੀ:** ਉਹ ਦਾਅਵੇਦਾਰ ਜਿਸਨੂੰ ਨਿਊਜ਼ੀਲੈਂਡ ਵਿੱਚ ਰਫ਼ਿਊਜੀ ਜਾਂ ਪ੍ਰੋਟੇਕਟਿਡ ਵਿਅਕਤੀ ਮੰਨਿਆ ਗਿਆ ਹੈ।

**ਰਫ਼ਿਊਜੀ** ਉਹ ਵਿਅਕਤੀ ਹੁੰਦਾ ਹੈ ਜੋ ਨਸਲ, ਧਰਮ, ਕੌਮੀਅਤ, ਕਿਸੇ ਖਾਸ ਸਮਾਜਿਕ ਸਮੂਹ ਦੀ ਸਦੱਸਤਾ ਜਾਂ ਰਾਜਨੀਤਿਕ ਵਿਚਾਰਾਂ ਵਜੋਂ ਸਤਾਏ ਜਾਣ ਦੇ ਪੱਕੇ ਡਰ ਦੇ ਕਾਰਨ ਆਪਣੀ ਕੌਮੀਅਤ ਦੇ ਦੇਸ਼ ਤੋਂ ਬਾਹਰ ਹੁੰਦਾ ਹੈ ਅਤੇ ਇਸ ਡਰ ਦੇ ਕਾਰਨ ਉਹ ਉਸ ਦੇਸ਼ ਦੀ ਸੁਰੱਖਿਆ ਦਾ ਲਾਭ ਖੁਦ ਲੈਣ ਲਈ ਤਿਆਰ ਨਹੀਂ ਹੁੰਦਾ ਹੈ ਜਾਂ ਅਸਮਰੱਥ ਹੁੰਦਾ ਹੈ।

**ਕੋਟਾ ਰਫ਼ਿਊਜੀ:** ਉਹ ਵਿਅਕਤੀ ਜਿਸਨੂੰ ਯੂਨਾਇਟੇਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਿਊਜੀਸ (UNHCR) ਦੁਆਰਾ ਰਫ਼ਿਊਜੀ ਨਿਰਧਾਰਤ ਕੀਤਾ ਗਿਆ ਹੈ ਅਤੇ ਜੋ ਉਸ ਮਾਨਤਾ ਦੇ ਆਧਾਰ ‘ਤੇ ਸਰਕਾਰੀ ਲਾਜ਼ਮੀ ਪ੍ਰੋਗਰਾਮ ਦੇ ਤਹਿਤ ਨਿਊਜ਼ੀਲੈਂਡ ਆਇਆ ਹੋਵੇ। ‘ਕੋਟਾ’ ਵਿੱਚ ਰਿਫਿਊਜੀ ਕੋਟਾ ਫੈਮਿਲੀ ਰਿਯੂਨੀਫਿਕੇਸ਼ਨ ਦੇ ਬਿਨੈਕਾਰ ਵੀ ਸ਼ਾਮਲ ਹੁੰਦੇ ਹਨ।

**ਲੀਗਲ ਏਡ ਸੇਵਾ:** ਉਹ ਸਰਕਾਰੀ ਸੇਵਾ ਅਤੇ ਫੰਡ ਜੋ ਉਹਨਾਂ ਲੋਕਾਂ ਦੀ ਕਾਨੂੰਨੀ ਸਹਾਇਤਾ ਕਰਨ ਲਈ ਹੈ ਜੋ ਆਪਣੀ ਨੁਮਾਇੰਦਗੀ ਕਰਨ ਲਈ ਕਿਸੇ ਵਕੀਲ ਨੂੰ ਨਿਯੁਕਤ ਕਰਨ ਦੀ ਸਮਰੱਥਾ ਨਹੀਂ ਰੱਖਦੇ ਹਨ।

**ਪ੍ਰੋਟੇਕਟਿਡ ਵਿਅਕਤੀ:** ਉਹ ਵਿਅਕਤੀ ਜੋ ਰਫ਼ਿਊਜੀ ਦੀ ਮਾਨਤਾ ਦੇ ਮਾਪਦੰਡਾਂ ਤੇ ਖਰਾ ਨਹੀਂ ਉਤਰਦਾ ਹੈ, ਪਰ ਜਿਸਦੇ ਲਈ ਇਹ ਵਿਸ਼ਵਾਸ ਕਰਨ ਦੇ ਠੋਸ ਆਧਾਰ ਹਨ ਕਿ ਜੇ ਉਸਨੂੰ ਨਿਊਜ਼ੀਲੈਂਡ ਤੋਂ ਦੇਸ਼ ਨਿਕਾਲਾ ਦਿੱਤਾ ਜਾਵੇ, ਤਾਂ ਉਸ ਨੂੰ ਮਨਮਾਨੇ ਜੀਵਨ ਤੋਂ ਵਾਂਝੇ ਕੀਤੇ ਜਾਣ, ਤਸੀਹੇ ਜਾਂ ਬੇਰਹਿਮ ਸਲੂਕ, ਅਣਮਨੁੱਖੀ ਜਾਂ ਅਪਮਾਨਜਨਕ ਇਲਾਜ ਜਾਂ ਸਜ਼ਾ ਦਾ ਖ਼ਤਰਾ ਹੋ ਸਕਦਾ ਹੈ। ਇਹ ਵਿਅਕਤੀ ਆਪਣੇ ਘਰੇਲੂ ਦੇਸ਼ ਜਾਂ ਪੁਰਾਣੇ ਰਿਹਾਇਸ਼ੀ ਦੇਸ਼ ਵਿੱਚ ਅਰਥਪੂਰਨ ਘਰੇਲੂ ਸੁਰੱਖਿਆ ਵੀ ਨਹੀਂ ਲੈ ਸਕਦਾ ਹੈ।

**ਪ੍ਰਤੀਨਿਧੀ:** ਉਹ ਵਿਅਕਤੀ ਜੋ ਤੁਹਾਡੇ ਰਫ਼ਿਊਜੀ ਅਤੇ ਪ੍ਰੋਟੇਕਸ਼ਨ ਦਾਅਵੇ ਸੰਬੰਧਤ ਕਾਨੂੰਨਾਂ ਬਾਰੇ ਤੁਹਾਨੂੰ ਸਲਾਹ ਦੇ ਸਕਦਾ ਹੈ ਅਤੇ ਤੁਹਾਡੇ ਦਾਅਵੇ ਵਿੱਚ ਸਹਾਇਤਾ ਕਰ ਸਕਦਾ ਹੈ। ਇਸ ਵਿਅਕਤੀ ਦਾ ਵਕੀਲ ਹੋਣਾ ਲਾਜ਼ਮੀ ਹੈ (ਉਹ ਵਿਅਕਤੀ ਜਿਸ ਕੋਲ ਨਿਊਜ਼ੀਲੈਂਡ ਲਾਅ ਸੋਸਾਇਟੀ ਦੁਆਰਾ ਜਾਰੀ ਕੀਤਾ ਗਿਆ ਬੈਰਿਸਟਰ ਵਜੋਂ ਜਾਂ ਵਕੀਲ ਵਜੋਂ ਮੌਜੂਦਾ ਅਭਿਆਸ ਸਰਟੀਫਿਕੇਟ ਹੋਵੇ), ਜਾਂ ਇਮੀਗ੍ਰੇਸ਼ਨ ਸਲਾਹਕਾਰ ਹੋਣਾ ਲਾਜ਼ਮੀ ਹੈ ਜਿਸਨੂੰ ਇਮੀਗ੍ਰੇਸ਼ਨ ਸਲਾਹਕਾਰ ਅਥਾਰਟੀ ਦੁਆਰਾ ਲਾਇਸੰਸ ਮਿਲਿਆ ਹੋਵੇ।

**ਯੂਨਾਇਟੇਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਿਊਜੀਸ:** ਨਿਊਜ਼ੀਲੈਂਡ ਵਿੱਚ ਰਫ਼ਿਊਜੀ ਦਰਜ਼ੇ ਦੀ ਨਿਰਧਾਰਨ ਪ੍ਰਕਿਰਿਆ UNHCR ਆਸਟ੍ਰੇਲੀਆ ਦੀ ਨਿਗਰਾਨੀ ਹੇਠ ਹੁੰਦੀ ਹੈ। ਸ਼ਰਣ ਪ੍ਰਕਿਰਿਆ ਦੌਰਾਨ ਨਿਊਜ਼ੀਲੈਂਡ ਵਿੱਚ ਜ਼ਰੂਰੀ ਸਹਾਇਤਾ ਸੇਵਾਵਾਂ ਤਕ ਪਹੁੰਚ ਕਿਵੇਂ ਪ੍ਰਾਪਤ ਕਰਨੀ ਹੈ, ਇਸ ਬਾਰੇ ਉਹ ਆਮ ਜਾਣਕਾਰੀ ਵੀ ਦੇ ਸਕਦੇ ਹਨ। ਕੁਝ ਸਥਿਤੀਆਂ ਵਿੱਚ, ਨਿਊਜ਼ੀਲੈਂਡ ਤੋਂ ਬਾਹਰ UNHCR ਨਾਲ ਕਿਸੇ ਵਿਅਕਤੀ ਦੀ ਰਜਿਸਟ੍ਰੇਸ਼ਨ ਦੀ ਪੁਸ਼ਟੀ ਕਰਨ ਵਿੱਚ ਵੀ ਉਹ ਸਹਾਇਤਾ ਕਰ ਸਕਦੇ ਹਨ, ਬਸ਼ਰਤੇ ਕਿ ਇਸ ਲਈ ਸਹਿਮਤੀ ਦਿੱਤੀ ਗਈ ਹੋਵੇ। ਹਾਲਾਂਕਿ ਉਹ ਦਾਅਵੇਦਾਰਾਂ ਨੂੰ ਵਿਅਕਤੀਗਤ ਸਹਾਇਤਾ ਨਹੀਂ ਦੇ ਸਕਦੇ ਹਨ। ਤੁਸੀਂ UNHCR ਬਾਰੇ ਹੋਰ ਜਾਣਕਾਰੀ ਉਹਨਾਂ ਦੀ ਵੈੱਬਸਾਈਟ: www.unhcr.org ‘ਤੇ ਵੇਖ ਸਕਦੇ ਹੋ।

**ਕੰਮ ਅਤੇ ਆਮਦਨ (Work and Income):** ਕੰਮ ਅਤੇ ਆਮਦਨ ਪੂਰੇ ਨਿਊਜ਼ੀਲੈਂਡ ਵਿੱਚ ਵਿੱਤੀ ਸਹਾਇਤਾ ਅਤੇ ਰੁਜ਼ਗਾਰ ਦੀਆਂ ਸੇਵਾਵਾਂ ਦਿੰਦੀ ਹੈ। ਜੋ ਲੋਕੀ ਘੱਟ ਆਮਦਨੀ ਵਾਲੇ ਹਨ ਜਾਂ ਕੰਮ ਨਹੀਂ ਕਰ ਰਹੇ ਹਨ, ਇਹ ਉਹਨਾਂ ਦੀ ਆਰਥਿਕ ਤੌਰ, ਉਹਨਾਂ ਦੇ ਕੰਮ ਵਿੱਚ ਅਤੇ ਰਿਹਾਇਸ਼ ਵਿੱਚ ਸਹਾਇਤਾ ਕਰ ਸਕਦੇ ਹਨ।

# ਸੰਪਰਕ

**ਰਫਿਊਜੀ ਸਟੇਟਸ ਯੂਨਿਟ (Refugee Status Unit)**
Kordia House
162 Victoria Street West
Auckland
**ਡਾਕ ਪਤਾ**: PO Box 90533, Victoria Street, Auckland 1142,
**ਟੈਲੀਫੋਨ**: 09 928 2236
**ਈਮੇਲ**: RSU@mbie.govt.nz
**ਵੈੱਬਸਾਈਟ**: www.immigration.govt.nz/RSU

**ਇਮੀਗ੍ਰੇਸ਼ਨ ਨਿਊਜ਼ੀਲੈਂਡ (Immigration New Zealand)**
ਇਮੀਗ੍ਰੇਸ਼ਨ ਸੰਪਰਕ ਕੇਂਦਰ
**ਟੈਲੀਫੋਨ** (ਆਕਲੈਂਡ ਤੋਂ): 09 914 4100
**ਟੈਲੀਫੋਨ** (ਨਿਊਜ਼ੀਲੈਂਡ ਵਿੱਖੇ ਕਿਤੇ ਹੋਰ ਤੋਂ): 0508 55 88 55
**ਵੈੱਬਸਾਈਟ**: www.immigration.govt.nz

**ਇਮੀਗ੍ਰੇਸ਼ਨ ਅਤੇ ਪ੍ਰੋਟੇਕਸ਼ਨ ਟ੍ਰਿਬਿਊਨਲ (Immigration and Protection Tribunal)**
Chorus House, Level 1,
41 Federal Street, Auckland 1010,
**ਡਾਕ ਪਤਾ**: DXEX 11086, Auckland
1142, New Zealand
**ਟੈਲੀਫੋਨ**: 09 914 4299
**ਫੈਕਸ**: 09 914 5263
**ਈਮੇਲ**: IPT@justice.govt.nz
**ਵੈੱਬਸਾਈਟ**: www.justice.govt.nz/tribunals/immigration/immigration-and-protection

**ਯੂਨਾਇਟੇਡ ਨੇਸ਼ਨਜ਼ ਹਾਈ ਕਮਿਸ਼ਨਰ ਫਾਰ ਰਿਫਿਊਜੀਸ (United Nations High Commissioner for Refugees)**
ਕਾਨੂੰਨੀ ਅਧਿਕਾਰੀ (Legal Officer)
UNHCR ਦਾ ਆਸਟ੍ਰੇਲੀਆ, ਨਿਊਜ਼ੀਲੈਂਡ,
ਪਾਪੂਆ ਨਿਊ ਗਿਨੀ ਅਤੇ ਦੱਖਣੀ
ਪ੍ਰਸ਼ਾਂਤ ਲਈ ਖੇਤਰੀ ਦਫ਼ਤਰ
14 Kendall Lane
New Acton, Canberra ACT, 2601
AUSTRALIA
**ਟੈਲੀਫੋਨ**: 0061 2 6281 9100
**ਫੈਕਸ**: 0061 2 6247 2933
**ਵੈੱਬਸਾਈਟ**: www.unhcr.org

Te Kāwanatanga o Aotearoa
New Zealand Government

INZ 8630